> "Robert paid all his attention to his mother, drawn to her as a humble flower to the sun. He was all the time aware, with the tail of his consciousness, that Ciss was there, and that she was a bit shut out of it. He was aware of the third consciousness in the room. Whereas to Pauline, her niece Cecilia was an appropriate part of her own setting, rather than a distinct consciousness" (1).

Robert is described as being 'drawn to' his mother 'as a humble flower to the sun' (1) because he is attracted towards his mother's beauty like a sunflower attracts to sun. Robert gives all his consideration to his mother because she is everything for him. Robert notices Ciss who exists in this story as a third consciousness always when he was with her mother. Ciss knows the reality of Pauline and that's why she wants to free Robert from his mother's clutches. She loves

Robert and wants to marry him and this will only happen after the death of Pauline. But Pauline does not like Ciss. She treats her as a servant. Both Pauline and Ciss do not like each other because both want Robert's attention. "Perhaps Ciss was the only person who fathomed his awful shyness and malaise, his habitual feeling that he was in the wrong place: almost like a soul that has got into a wrong body. But he never did anything about it" (1).Ciss is the only one who knows about Pauline and the condition of Robert. Ciss knows that Robert is not comfortable with his mother. She understands that Robert is not in a correct place and she wants to free him from that situation or place. But she cannot do anything and Robert also cannot do anything to get rid from that situation. He is a person who is in a wrong home like a soul that has got into the wrong body. He cannot do anything because he is very loyal to his mother. Also he does not want to cheat his mother by carrying a relation with Ciss, whom she does not like.

During the evening the mother and son sit in the drawing room like lovers. They enjoy their moments by having some discussion on manuscripts with each other. The mother does not allow Ciss to join him because of Ciss's attachment towards Robert. Robert also says nothing and remains quiet in front of them because he is fond of beauty of her mother who pretends herself to be live girl. Robert's behaviour at that time is "almost like a priest with a young girl pupil. And that was rather how he felt" (1). Ciss loves Robert and want to marry but Robert is a very shy person. Ciss thinks about him that what he will do when his mother will die. She compares him to a saying of a shell that "he would be just a shell, the shell of a man who had never lived."(1). Ciss waits for Robert in the garden when he was with his mother in her room and after that he wants to spend one hour alone and Ciss thinks that she should tell him that "Oh,Robert! It's wrong!"(1). But she thinks that she should not tell him because Pauline would hear that and this will not be good for her and she goes to her room. Ciss and Pauline express suppressed enmity because of their hatred for each other to achieve Robert's love. Robert becomes the victim of possessiveness of Pauline. He does not understand his mother's intention towards him and always want to keep her happy at any cost. From this perspective the different mindsets of these three characters are revealed.

In this short story, Pauline does not like the bond between Robert and Cecilia. Ciss as a third consciousness plays a very essential role. No one can imagine in the beginning of the short story that due to the existence of a third consciousness, Pauline will expose the truth to Robert that they are not cousins (Robert and Cecilia).Robert and Ciss sit in the drawing room in silent

mood in front of fire because of the cold weather, noticing each other's presence. They do not want to separate from each other and they spend their evening in the gloomy atmosphere. After that Pauline comes between them and she looks at them very heatedly, and says, "You two had better get married quickly"(1).Robert then looks at her quietly and tells his mother that they are cousins and they cannot marry. Pauline tells him the truth that they are not cousins and reveals the truth that, "Your father was an Italian priest"(1). Robert asks her that is this the reality? Pauline tells him that his father was an illustrious man and he was her lover and then Robert realizes about the unfortunate things around him. Pauline says tartly to him that you are the lucky one, there is nothing unfortunate for him its only she who suffers from her misfortunte and saying so she left the room.

Robert at the end of this short story, does not believe in his mother as a loyal son and he loses his interest in her when she reveals as tan old woman in the story. "Why my mother, you're a little old lady!" came the astounded voice of Robert-like an astonished boy, as if it were a joke" (1). Robert and Cecilia sat with each other and Pauline did not part them as she has hoped. At that time Ciss does not try to confess the truth about what she has done. Ciss asks him about his mother's love for him. He tells Cecilia that she does not love him because his mother does all this because of power and he hates those people who want to impose their power on others. He would not forgive his mother and Ciss says "Poor Aunt Pauline!"(1) and at that time he realizes that he has satiated his oedipal relationship with his mother. After the death of Pauline, they realize that how she had retaliated to her son and niece. She has left a sum of only one thousand pounds for Robert and for Ciss only one hundred pounds and the rest she had given to "Pauline Attenborough Museum"(1).

Here, the authenticity of relationship between the mother and son is being depicted through this story and from the third consciousness. It is the reality of a mother which ruins Robert's life at the end. It depicts an image of the society which can go upto what extent one can go for the power and fulfillment of personal desires as it is beyond dignity. Also it explains about the magnitude of truth and reality in every relationship of the society. It also explores the mother and son's dependability on each other either Pauline's dependability on Robert for power and possession or Robert's dependability on Pauline in the context of money.

**References:**

https://en.wikipedia.org/wiki/Emotional_well-being

Lawrence, D. H. *The Lovely Lady*. <http://www.gutenberg.com/thelovelylady>.March 2004. Web.

* *"Emotional Well Being & Mental Health". Harvard Health Publications: Harvard medical School. Harvard University. Retrieved 16 December 2010.*
* Fredrickson, *Barbara L; Thomas Joiner (March 2002). "Positive Emotions Trigger Upward Spirals Toward Emotional Well-Being". Psychological Science* ***13*** *(2). doi:10.1111/1467-9280.00431. Retrieved 16 December 2010.*
* *"Tis more blessed to give than to receive? Groundbreaking new outcomes research altruistic emotions and helping behavior". EMPOWERING CAREGIVERS. Retrieved 16 December 2010.*

# ਐਪਿਕ ਨਾਟ ਵਿਧੀ : ਸਿਧਾਂਤ ਤੇ ਵਿਹਾਰ

**ਡਾ. ਚੰਦਰ ਪ੍ਰਕਾਸ਼**
ਅਸਿਸਟੈਂਟ ਪ੍ਰੋਫੈਸਰ,
ਐੱਮ.ਐੱਮ.ਡੀ. ਡੀ.ਏ.ਵੀ. ਕਾਲਜ,
ਗਿੱਦੜਬਾਹਾ

**_ਐਬਸਟ੍ਰੈਕਟ_**

*ਐਪਿਕ ਨਾਟ ਵਿਧੀ ਦਾ ਨਿਰੋਲ ਵਿਆਖਿਆਕਾਰ ਬਰਤੋਲਤ ਬਰੈਖਤ ਨੂੰ ਸਵੀਕਾਰਿਆ ਜਾਂਦਾ ਹੈ। ਬਰੈਖਤ ਨੇ ਐਪਿਕ ਸੰਬੰਧੀ ਆਪਣੀ ਧਾਰਨਾ ਦੇ ਵਿਕਾਸ ਵਿਚ ਰਾਜਨੀਤਕ ਤੇ ਕਲਾਤਮਕ ਦੋਹਾਂ ਪ੍ਰਭਾਵਾਂ ਨੂੰ ਗ੍ਰਹਿਣ ਕੀਤਾ। ਮੁੱਢਲੇ ਪੜਾਅ ਤੇ ਐਪਿਕ ਦੇ ਆਗਾਜ ਵਿਚ ਮਾਰਟਿਨ ਤੇ ਪਿਸਕੇਟਰ ਦੀਆਂ ਨਾਟਕੀ ਪੇਸ਼ਕਾਰੀਆਂ ਦੀ ਮਹੱਤਵਪੂਰਨ ਦੇਣ ਰਹੀ, ਜਿਸਨੇ ਬਰੈਖਤ ਨੂੰ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਬਰੈਖਤ ਨੇ ਆਪਣੇ ਉਦੇਸ਼ ਦੀ ਪੂਰਤੀ ਹਿਤ ਮਾਰਕਸ ਦਰਸ਼ਨ ਦਾ ਅਧਿਐਨ ਕੀਤਾ ਅਤੇ ਅਨੁਭਵ ਕੀਤਾ ਕਿ ਨਾਟਕ ਦੀਆਂ ਪੇਸ਼ਕਾਰੀਆਂ ਵੀ ਸਮਾਜਕ ਪਰਿਵਰਤਨ ਲਈ ਸਹਾਇਕ ਹੋ ਸਕਦੀਆਂ ਹਨ। ਉਹ ਕਲਾ ਲਈ ਕਲਾ ਦੇ ਸਿਧਾਂਤ ਨੂੰ ਨਕਾਰ ਕੇ, ਕਲਾ ਨੂੰ ਸਮਾਜਕ ਰੂਪ ਵਿਚ ਲਾਹੇਵੰਦ ਸਿੱਧ ਕਰਨ ਦਾ ਇੱਛੁਕ ਸੀ। ਸਮੁੱਚੇ ਸਮਾਜ ਨੂੰ ਤਬਦੀਲ ਕਰਨਾ ਉਸਦਾ ਮੁੱਖ ਮਨੋਰਥ ਸੀ। ਨਤੀਜੇ ਵਜੋਂ ਉਸਨੇ ਨਾਟਕ ਦੇ ਲਿਖਤ ਪਾਠ ਮੰਚੀ ਪਾਠ ਦੋਵਾਂ ਦੇ ਰਿਸ਼ਤੇ ਨੂੰ ਨਵੇਂ ਜਾਵੀਏ ਤੋਂ ਵਾਚਿਆ।*

*ਬਰੈਖਤ ਨੇ ਰਵਾਇਤੀ ਨਾਟਕ ਦੇ ਵਿਪਰੀਤ ਅਜਿਹੇ ਨਾਟਕ ਸਿਰਜਣ ਵੱਲ ਧਿਆਨ ਦਿੱਤਾ ਜੋ ਭਾਵਨਾ ਦੀ ਥਾਂ ਬੁੱਧੀ ਨੂੰ ਟੁੰਬੇ ਇਸ ਲਈ ਉਸਨੇ ਵਿੱਥ ਸਿਧਾਂਤ (Theory of Alienation) ਦੀ ਸਥਾਪਨਾ ਕੀਤੀ। ਇਸ ਸਿਧਾਂਤ ਅਨੁਸਾਰ ਸੇਧ ਦਿੱਤੀ ਕਿ ਦਰਸ਼ਕ ਨਾਟਕ ਦੇ ਕਾਰਜ ਵਿਚ ਯਥਾਰਥਵਾਦੀ ਵਿਧੀ ਵਾਂਗ ਭਾਵੁਕਤਾ ਦੇ ਵਹਿਣ ਵਿਚ ਨਾ ਵਹਿਣ ਸਗੋਂ ਉਨ੍ਹਾਂ ਨੂੰ ਚੇਤਾ ਰਹੇ ਕਿ ਉਹ ਨਾਟਕ ਦੇਖ ਰਹੇ ਹਨ। ਬਰੈਖਤ ਦੀ ਇਹ ਧਾਰਨਾ ਸੀ ਕਿ ਨਾਟਕ ਵਿਚ ਪੇਸ਼ ਹੋ ਰਹੇ ਵਿਚਾਰਾਂ ਨੂੰ ਦਰਸ਼ਕ ਆਲੋਚਨਾਤਮਕ ਨਜ਼ਰੀਏ ਤੋਂ ਦੇਖਣ, ਦਰਸ਼ਕਾਂ ਤੋਂ ਭਰਵੇਂ ਹੁੰਗਾਰੇ ਦੀ ਮੰਗ ਬਰੈਖਤ ਦਾ ਮੁੱਖ ਉਦੇਸ਼ ਸੀ। ਉਹ ਦਰਸ਼ਕਾਂ ਨੂੰ ਕੀਲ ਕੇ ਜਾਂ ਬੰਨ੍ਹ ਕੇ ਬਿਠਾਉਣ ਵਿਚ ਯਕੀਨ ਨਹੀਂ ਕਰਦਾ, ਸਗੋਂ ਸਥਿਤੀਆਂ ਤੇ ਟਿੱਪਣੀਆਂ ਕਰਨ ਲਈ ਉਕਸਾਉਣ ਦਾ ਪ੍ਰਯਤਨ ਕਰਦਾ ਹੈ। ਇਸ ਲਈ ਇਸਨੂੰ ਵਿੱਥ, ਅਲਹਿਦਗੀ, ਵੈਰਾਗ, ਅਲਗਤਾ, ਅਲਗਾਉ, ਅਜਨਬੀਅਤਾ ਆਦਿ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਇਸ ਨੂੰ ਮਹਾਂ ਕਾਵਿ/ਮਹਾਂ ਨਾਟ ਜਾਂ ਐਪਿਕ ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ।*

ਐਪਿਕ ਨਾਟ ਵਿਧੀ ਦਾ ਨਿਰੋਲ ਵਿਆਖਿਆਕਾਰ ਬਰਤੋਲਤ ਬਰੈਖਤ ਨੂੰ ਸਵੀਕਾਰਿਆ ਜਾਂਦਾ ਹੈ। ਬਰੈਖਤ ਨੇ ਐਪਿਕ ਸੰਬੰਧੀ ਆਪਣੀ ਧਾਰਨਾ ਦੇ ਵਿਕਾਸ ਵਿਚ ਰਾਜਨੀਤਕ ਤੇ ਕਲਾਤਮਕ ਦੋਹਾਂ ਪ੍ਰਭਾਵਾਂ ਨੂੰ ਗ੍ਰਹਿਣ ਕੀਤਾ। ਮੁੱਢਲੇ

ਪੜਾਅ ਤੇ ਐਪਿਕ ਦੇ ਆਗਾਜ ਵਿਚ ਮਾਰਟਿਨ ਤੇ ਪਿਸਕੇਟਰ ਦੀਆਂ ਨਾਟਕੀ ਪੇਸ਼ਕਾਰੀਆਂ ਦੀ ਮਹੱਤਵਪੂਰਨ ਦੇਣ ਰਹੀ, ਜਿਸਨੇ ਬਰੈਖਤ ਨੂੰ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਬਰੈਖਤ ਨੇ ਆਪਣੇ ਉਦੇਸ਼ ਦੀ ਪੂਰਤੀ ਹਿਤ ਮਾਰਕਸ ਦਰਸ਼ਨ ਦਾ ਅਧਿਐਨ ਕੀਤਾ ਅਤੇ ਅਨੁਭਵ ਕੀਤਾ ਕਿ ਨਾਟਕ ਦੀਆਂ ਪੇਸ਼ਕਾਰੀਆਂ ਵੀ ਸਮਾਜਕ ਪਰਿਵਰਤਨ ਲਈ ਸਹਾਇਕ ਹੋ ਸਕਦੀਆਂ ਹਨ। ਉਹ ਕਲਾ ਲਈ ਕਲਾ ਦੇ ਸਿਧਾਂਤ ਨੂੰ ਨਕਾਰ ਕੇ, ਕਲਾ ਨੂੰ ਸਮਾਜਕ ਰੂਪ ਵਿਚ ਲਾਹੇਵੰਦ ਸਿੱਧ ਕਰਨ ਦਾ ਇੱਛੁਕ ਸੀ। ਸਮੁੱਚੇ ਸਮਾਜ ਨੂੰ ਤਬਦੀਲ ਕਰਨਾ ਉਸਦਾ ਮੁੱਖ ਮਨੋਰਥ ਸੀ। ਨਤੀਜੇ ਵਜੋਂ ਉਸਨੇ ਨਾਟਕ ਦੇ ਲਿਖਤ ਪਾਠ ਮੰਚੀ ਪਾਠ ਦੋਵਾਂ ਦੇ ਰਿਸ਼ਤੇ ਨੂੰ ਨਵੇਂ ਜਾਵੀਏ ਤੋਂ ਵਾਚਿਆ।

ਬਰੈਖਤ ਨੇ ਰਵਾਇਤੀ ਨਾਟਕ ਦੇ ਵਿਪਰੀਤ ਅਜਿਹੇ ਨਾਟਕ ਸਿਰਜਣ ਵੱਲ ਧਿਆਨ ਦਿੱਤਾ ਜੋ ਭਾਵਨਾ ਦੀ ਥਾਂ ਬੁੱਧੀ ਨੂੰ ਟੁੰਬੇ। ਇਸ ਲਈ ਉਸਨੇ ਵਿੱਥ ਸਿਧਾਂਤ (Theory of Alienation) ਦੀ ਸਥਾਪਨਾ ਕੀਤੀ। ਇਸ ਸਿਧਾਂਤ ਅਨੁਸਾਰ ਸੇਧ ਦਿੱਤੀ ਕਿ ਦਰਸ਼ਕ ਨਾਟਕ ਦੇ ਕਾਰਜ ਵਿਚ ਯਥਾਰਥਵਾਦੀ ਵਿਧੀ ਵਾਂਗ ਭਾਵੁਕਤਾ ਦੇ ਵਹਿਣ ਵਿਚ ਨਾ ਵਹਿਣ ਸਗੋਂ ਉਨ੍ਹਾਂ ਨੂੰ ਚੇਤਾ ਰਹੇ ਕਿ ਉਹ ਨਾਟਕ ਦੇਖ ਰਹੇ ਹਨ। ਬਰੈਖਤ ਦੀ ਇਹ ਧਾਰਨਾ ਸੀ ਕਿ ਨਾਟਕ ਵਿਚ ਪੇਸ਼ ਹੋ ਰਹੇ ਵਿਚਾਰਾਂ ਨੂੰ ਦਰਸ਼ਕ ਆਲੋਚਨਾਤਮਕ ਨਜ਼ਰੀਏ ਤੋਂ ਦੇਖਣ, ਦਰਸ਼ਕਾਂ ਤੋਂ ਭਰਵੇਂ ਹੁੰਗਾਰੇ ਦੀ ਮੰਗ ਬਰੈਖਤ ਦਾ ਮੁੱਖ ਉਦੇਸ਼ ਸੀ। ਉਹ ਦਰਸ਼ਕਾਂ ਨੂੰ ਕੀਲ ਕੇ ਜਾਂ ਬੰਨ੍ਹ ਕੇ ਬਿਠਾਉਣ ਵਿਚ ਯਕੀਨ ਨਹੀਂ ਕਰਦਾ, ਸਗੋਂ ਸਥਿਤੀਆਂ ਤੇ ਟਿੱਪਣੀਆਂ ਕਰਨ ਲਈ ਉਕਸਾਉਣ ਦਾ ਪ੍ਰਯਤਨ ਕਰਦਾ ਹੈ। ਇਸ ਲਈ ਇਸਨੂੰ ਵਿੱਥ, ਅਲਹਿਦਗੀ, ਵੈਰਾਗ, ਅਲਗਤਾ, ਅਲਗਾਉ, ਅਜਨਬੀਅਤਾ ਆਦਿ ਦਾ ਸਿਧਾਂਤ ਵੀ ਕਿਹਾ ਜਾਂਦਾ ਹੈ। ਇਸ ਨੂੰ ਮਹਾਂ ਕਾਵਿ/ਮਹਾਂ ਨਾਟ ਜਾਂ ਐਪਿਕ ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ।

ਬਰੈਖਤ ਨੇ ਵਿਹਾਰਕ ਪੱਧਰ ਤੇ ਜਾਪਾਨ ਤੇ ਏਸੀਆਈ ਮੁਲਕਾਂ ਦੀਆਂ ਲੋਕ ਨਾਟ ਵਿਧੀਆਂ ਦਾ ਪ੍ਰਭਾਵ ਕਬੂਲਦਿਆਂ ਇਨ੍ਹਾਂ ਨੂੰ ਪ੍ਰਯੋਗ ਹਿਤ ਲਿਆਂਦਾ। ਇੰਜ ਭਾਰਤੀ ਪੱਛਮੀ ਵਿਚਾਰਾਂ ਦੇ ਸਾਂਝੇਪਣ ਨੇ ਯਥਾਰਥਵਾਦੀ ਵਿਧੀ ਦੇ ਤਿੰਨ ਅੰਕਾਂ ਵਾਲੇ ਸੰਕੁਚਿਤ ਰੂਪ ਵਿਧਾਨ ਵਿਚ ਬਦਲਾਉ ਲਿਆਂਦਾ। ਬਰੈਖਤ ਨੇ ਵਿੱਥ ਸਥਾਪਤ ਕਰਨ ਲਈ ਆਪਣੀ ਨਾਟ ਧਾਰਨਾ ਵਿਚ ਹਰੇਕ ਪੱਖ ਨੂੰ ਤਰਜੀਹ ਦਿੱਤੀ। ਐਪਿਕ ਦੇ ਪ੍ਰਸੰਗ ਵਿਚ 'ਇਤਿਹਾਸੀਕਰਣ' (Histrofication) ਇਕ ਵਿਕਸਤ ਸੰਕਲਪ ਹੈ। *"ਇਤਹਾਸੀਕਰਣ ਤੋਂ ਭਾਵ ਇਤਿਹਾਸਕ ਘਟਨਾਵਾਂ ਨਹੀਂ ਤੇ ਨਾ ਹੀ ਪਾਤਰਾਂ ਦੀ ਇਤਿਹਾਸਕਤਾ ਤੋਂ ਹੈ, ਸਗੋਂ ਬੀਤ ਚੁੱਕੇ ਸਮੇਂ ਜਾਂ ਪਰਚਲਿਤ ਲੋਕ ਕਹਾਣੀਆਂ ਤੋਂ ਹੈ। ਦੂਜੇ ਅਰਥਾਂ ਵਿਚ ਇਸ ਤੋਂ ਭਾਵ ਭੂਤਕਾਲ ਦਾ ਸਮਾਂ ਤੇ ਮਾਹੌਲ ਹੈ।"* 1 ਬਰੈਖਤ ਨੇ ਇਸਨੂੰ ਇਸ ਕਰਕੇ ਚੁਣਿਆ ਕਿਉਂਕਿ ਉਸ ਦਾ ਵਿਚਾਰ ਸੀ ਕਿ ਅਸੀਂ ਵਰਤਮਾਨ ਬਾਰੇ ਨਿਰਲੇਪ ਹੋ ਕੇ ਨਹੀਂ ਸੋਚਦੇ ਸੋ ਸਾਨੂੰ ਘਟਨਾ ਭੂਤਕਾਲ ਚੋਂ ਭਾਲ ਕੇ ਉਸ ਨੂੰ ਵਰਤਮਾਨ ਨਾਲ ਜੋੜਨਾ ਚਾਹੀਦਾ ਹੈ। ਭੂਤਕਾਲ ਪ੍ਰਤਿ ਆਲੋਚਨਾਤਮਕ ਨਜ਼ਰੀਆ ਸਥਿਤੀ ਨੂੰ ਸਮਝਣ ਲਈ ਸਹਾਇਕ ਬਣਦਾ ਹੈ। ਇਸ ਆਧਾਰ ਤੇ ਉਸਨੇ ਚੀਨ ਦੀ ਲੋਕ ਕਥਾ ਆਧਾਰਤ ਤੇ 'ਕਾਕੇਸੀਆਂ ਦਾ ਨਿਆ ਚੱਕਰ' ਨਾਟਕ ਦੀ ਸਿਰਜਣਾ ਕੀਤੀ। ਸਮਾਜਕ ਚੇਤਨਾ ਦਾ ਘੇਰਾ ਫੈਲਾਉਣ ਲਈ ਉਸਨੇ ਹਰ ਉਸ ਵਿਧੀ ਨੂੰ ਆਪਣੇ ਰੰਗਮੰਚ ਵਿਚ ਸ਼ਾਮਲ ਕੀਤਾ ਜੋ ਉਸਨੂੰ ਢੁੱਕਵੀਂ ਪ੍ਰਤੀਤ ਹੋਈ। ਉਸਦਾ ਇਹ ਮੰਨਣਾ ਸੀ ਕਿ ਜਨ ਸਾਧਾਰਨ ਦਾ ਬੌਧਿਕ ਵਿਕਾਸ ਰੰਗਮੰਚ ਦੇ ਮਾਧਿਅਮ ਰਾਹੀਂ ਸੰਭਵ ਹੈ। ਇਸ ਲਈ ਉਸਦੇ ਰੰਗਮੰਚ ਨੂੰ ਸਮਾਜਕ ਵਿਆਖਿਆਵਾਂ ਤੇ ਸਿਖਿਆਦਾਇਕ ਰੰਗਮੰਚ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਉਸਨੇ ਮੰਚ ਜੜ੍ਹਤ, ਗੀਤ ਸੰਗੀਤ, ਪਹਿਰਾਵਾ, ਅਦਾਕਾਰੀ, ਕੋਰਸ ਆਦਿ ਹਰੇਕ ਵਿਧੀ ਨੂੰ ਵਿੱਥ ਤੇ ਸਿਰਜਿਆ।

ਐਪਿਕ ਵਿਚ ਕਥਾਨਕ ਲਕੀਰੀ ਹੋਣ ਦੀ ਥਾਂ ਖੰਡਿਤ ਪ੍ਰਸੰਗ ਵਿਚ ਹੁੰਦਾ ਹੈ ਇਸਦੇ ਹਰੇਕ ਦ੍ਰਿਸ਼ ਦਾ ਆਪਣਾ ਆਧਾਰ ਹੁੰਦਾ ਹੈ। ਪਰ ਇਹ ਖਿੰਡਵਾਂ ਦ੍ਰਿਸ਼ ਆਪਣੀ ਮਹੱਤਤਾ ਰੱਖਣ ਦੇ ਨਾਲ ਨਾਲ ਹੋਰਨਾਂ ਦ੍ਰਿਸ਼ਾਂ ਨਾਲ ਸੰਬੰਧਿਤ ਹੁੰਦਾ ਹੈ। ਸੂਤਰਧਾਰ ਵਾਂਗ ਕਥਾਕਾਰ/ਨਾਟਕਕਾਰ ਇਹਨਾਂ ਬਾਰੇ ਟਿੱਪਣੀਆਂ ਕਰਦਾ ਹੈ ਤੇ ਆਪਸੀ ਦ੍ਰਿਸ਼ਾਂ ਨੂੰ ਜੋੜਨ

ਵਿਚ ਆਪਣੀ ਭੂਮਿਕਾ ਨਿਭਾਉਂਦਾ ਹੈ। ਇਸੇ ਤਰ੍ਹਾਂ ਗੀਤ/ਸੰਗੀਤ ਦੀ ਵਰਤੋਂ ਦਰਸ਼ਕਾਂ/ਪਾਠਕਾਂ ਨੂੰ ਭਾਵੁਕ ਪੱਧਰ ਤੇ ਜੋੜਨ ਲਈ ਨਹੀਂ ਸਗੋਂ ਨਿਰਲੇਪ ਰੱਖਣ ਹਿੱਤ ਵਰਤੇ ਜਾਂਦੇ ਹਨ। ਇਹ ਕਾਰਜ ਨੂੰ ਤੋੜਦੇ ਹਨ ਤੇ ਆਪਣੀਆਂ ਟਿੱਪਣੀਆਂ ਦੇ ਜਰੀਏ ਕਥਾ ਅੱਗੇ ਤੋਰਦੇ ਹਨ।

ਐਪਿਕ ਵਿਧੀ ਦਾ ਨਾਇਕ ਤ੍ਰਾਸਦੀ ਦੇ ਨਾਇਕ, ਨਾਲੋਂ ਵੱਖਰਾ ਹੁੰਦਾ ਹੈ। ਇਸਦਾ ਨਾਇਕ ਸਮਾਜਕ ਕੁਰੀਤੀਆਂ ਵਿਚ ਜਕੜਿਆ ਹੁੰਦਾ ਹੈ ਜਾਂ ਫਿਰ ਸਮਾਜਕ ਭ੍ਰਿਸ਼ਟ ਪ੍ਰਬੰਧ ਵਿਚ ਮਨੁੱਖੀ ਕਦਰਾਂ ਕੀਮਤਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਹੁੰਦਾ ਹੈ। ਇਸ ਤਰ੍ਹਾਂ ਅਜਿਹੀਆਂ ਨਾਇਕ ਸਥਿਤੀਆਂ ਨੂੰ ਪੇਸ਼ ਕੀਤਾ ਜਾਂਦਾ ਹੈ ਤਾਂ ਜੋ ਦਰਸ਼ਕ ਪਰਖਣ ਤੇ ਨਿਰਣਾ ਕਰਨ ਦੇ ਸਮਰਥ ਹੋ ਸਕਣ। ਕੇਂਦਰੀ ਪਾਤਰ ਮਸਖਰਾ, ਪਾਗਲ, ਫਕੀਰ, ਜੱਥਾ, ਭੀੜ, ਸਮਾਜ ਤੋਂ ਛੇਕਿਆ ਅਮਲੀ, ਨਸੇੜੀ, ਮਜ਼ਲੂਮ ਹੋ ਸਕਦਾ ਹੈ।

ਸੰਵਾਦ ਨਾਟਕ ਦੀ ਜਿੰਦ ਜਾਨ ਹੁੰਦੇ ਹਨ। ਐਪਿਕ ਵਿਧੀ ਵਿਚ ਸੰਵਾਦ ਨਿੱਕੇ, ਤਿੱਖੇ, ਚੁਸਤ ਤੇ ਵਿਅੰਗਮਈ ਹੁੰਦੇ ਹਨ। ਪਰੰਪਰਕ ਲੋਕ ਨਾਟ ਵਿਧੀਆਂ, ਮੁਹਾਵਰੇ ਅਖਾਣ, ਲੋਕ ਸਚਾਈਆਂ, ਉਪਭਾਸ਼ਾਈ ਰੰਗਣ ਆਦਿ ਵਿਧੀਆਂ ਚੋਭਵੇਂ ਰੂਪ ਵਿਚ ਪੇਸ਼ ਹੁੰਦੀਆਂ ਹਨ। ਇੰਜ ਯਥਾਰਥਵਾਦੀ ਨਾਟ ਵਿਧੀ ਦੀ ਭਾਰੀ ਭਰਕਮ ਮੰਚ ਜੜ੍ਹਤ ਵਿਧੀ ਨੂੰ ਤਿਲਾਂਜਲੀ ਦਿੰਦੇ ਹੋਏ ਸੰਵਾਦਾਂ ਤੋਂ ਵਧੇਰੇ ਕਾਰਜ ਲੈਣ ਦੀ ਪਹਿਲਕਦਮੀ ਕੀਤੀ। ਲੋੜ ਅਨੁਸਾਰ ਪ੍ਰਾਪਰਟੀ ਦੀ ਵਰਤੋਂ ਤੇ ਜ਼ੋਰ ਦਿੱਤਾ।

ਮੰਚ ਵਿਉਂਤ ਪੱਧਰ ਤੇ ਉਸਨੇ ਵਿੱਥ ਵਿਧੀ ਅਪਣਾਉਣ ਦੀ ਸਲਾਹ ਦਿੱਤੀ ਹੈ। ਪ੍ਰਸਤੁਤ ਨਾਟਕ ਦਾ ਸੰਗੀਤ ਦਰਸ਼ਕਾਂ ਦੇ ਸਾਹਮਣੇ ਹੀ ਹੁੰਦਾ ਹੈ ਸਾਜਿੰਦੇ ਵੀ ਸਾਹਮਣੇ ਬਿਠਾਏ ਜਾਂਦੇ ਹਨ। ਮਾਹੌਲ ਉਸਾਰਨ ਲਈ ਸਫੈਦ ਰੋਸ਼ਨੀ ਦੀ ਵਰਤੋਂ ਕੀਤੀ ਜਾਂਦੀ ਹੈ। ਬਰੈਖਤ ਦਾ ਮੰਨਣਾ ਹੈ ਕਿ ਮੰਚ ਤੇ ਕਮਰੇ ਦੀ ਜ਼ਰੂਰਤ ਲਈ ਦੀਵਾਰਾਂ ਹੋਣ। ਬਿਨ੍ਹਾਂ ਦੀਵਾਰਾਂ ਵੀ ਦ੍ਰਿਸ਼ ਸਿਰਜਿਆ ਜਾ ਸਕਦਾ ਹੈ। ਫਿਲਮਾਂ, ਸਲਾਇਡਾਂ ਦੀ ਪ੍ਰੋਜੈਕਸਨ ਤੇ ਖੰਡਿਤ ਚੀਜਾਂ ਦਾ ਦ੍ਰਿਸ਼ ਵੀ ਇਸ ਵਿਧੀ ਦਾ ਖ਼ਾਸ ਲੱਛਣ ਹੈ। *"In addition to indicating the place of action the stage can also have a screen for projections; texts and documentary pictures to show the context in which events take place"* 2 ਇਤਿਹਾਸਕ ਵਿਅਕਤੀ ਦੀਆਂ ਕਾਤਰਾਂ, ਤਸਵੀਰਾਂ ਆਦਿ ਵੀ ਇਸ ਵਿਧੀ ਦਾ ਹਿੱਸਾ ਹਨ। ਮੰਚ ਤੇ ਨਾਅਰੇ, ਜਲੂਸ, ਭੀੜ ਦਿਖਾਈ ਜਾਂਦੀ ਹੈ। ਪਿੱਛਲਝਾਤ ਵਿਧੀ ਵੀ ਵਰਤ ਲਈ ਜਾਂਦੀ ਹੈ। ਬਰੈਖਤ ਨਾਟਕ ਵਿਚ ਹਰਕੇ ਵਿਧੀ ਨੂੰ ਭਰਮ ਤੋੜਨ ਤੇ ਨਿਰਲੇਪਤਾ ਲਿਆਉਣ ਲਈ ਵਰਤਦਾ ਹੈ। ਅਦਾਕਰੀ ਬਾਰੇ ਵੀ ਉਸਦੀ ਅਜਿਹੀ ਹੀ ਧਾਰਨਾ ਹੈ। ਅਦਾਕਾਰ ਨਾਟਕ, ਅਦਾਕਾਰ ਦਰਸ਼ਕ ਇਕਸੁਰ ਰੂਪ ਵਿਚ ਪੇਸ਼ ਨਹੀਂ ਹੁੰਦੇ। ਅਦਾਕਾਰ, ਅਦਾਕਾਰੀ ਸਮੇਂ ਪਾਤਰ ਵਿਚ ਰਚ ਮਿਚ ਕੇ ਪੇਸ਼ਕਾਰੀ ਕਰਨ ਦੀ ਬਜਾਇ ਸੁਭਾਵਿਕ ਪੇਸ਼ਕਾਰੀ ਕਰੇ। *(in epic theater is no allowed to submerge himself entirely in the character, he has to show character).* 3

ਅਦਾਕਾਰੀ ਸਮੇਂ ਏ ਈਫੈਕਟ (A-effect) ਅਧੀਨ ਉਸਨੇ ਤਿੰਨ ਜੁਗਤੀ ਧਾਰਨਾ ਦਿੱਤੀ ਜਿਹੜੀ ਅਦਾਕਾਰੀ ਸਮੇਂ ਸ਼ਬਦਾਂ ਦੇ ਕਾਰਜ ਸੰਬੰਧੀ ਵਿਥ ਸਿਰਜਣ ਵਿਚ ਸਹਾਇਕ ਹੋ ਸਕਦੀ ਹੈ : (I) ਅਨਯ ਪੁਰਖ ਨੂੰ ਅਪਣਾਉਣਾ (adoption of third Person) (II) ਭੂਤਕਾਲ ਨੂੰ ਧਾਰਨ ਕਰਨਾ (adoption of Past Tense) (III) ਮੰਚ ਨਿਰਦੇਸ਼ਨਾਵਾਂ ਤੇ ਟਿੱਪਣੀਆਂ ਕਰਨੀਆਂ (adoption to speaking stage diraction and comments)। ਇਸ ਤੋਂ ਭਾਵ ਕਿ ਰੀਹਰਸਲਾਂ ਸਮੇਂ ਸੰਵਾਦ ਉੱਤਮ ਪੁਰਖ ਤੋਂ ਅਨਯ ਪੁਰਖ, ਵਰਤਮਾਨ ਤੋਂ ਭੂਤਕਾਲ ਵਿਚ ਕਰਨੇ ਚਾਹੀਦੇ ਹਨ ਅਤੇ ਇਸ ਨਾਲ ਹੀ ਲਿਖਤ ਪਾਠ ਵਿਚਲੀਆਂ ਦਿੱਤੀਆਂ ਹਦਾਇਤਾਂ ਵੀ ਪੜ੍ਹਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਦਾ ਸੰਕੇਤ ਉਸਦੀ ਵਿੱਥ ਵਿਧੀ ਨੂੰ ਹੋਰ ਵੀ ਪਕੇਰਾ ਕਰਦਾ ਹੈ। ਉਹ ਮੇਜ ਦੁਆਲੇ ਬੈਠਕੇ ਕੀਤੀਆਂ ਰੀਹਰਸਲਾਂ ਨੂੰ

ਤਰਜੀਹ ਦਿੰਦਾ ਹੋਇਆ ਵਿਚਾਰ  ਪ੍ਰਗਟ ਕਰਦਾ ਹੈ ਕਿ ਇਸ ਨਾਲ ਅਦਾਕਾਰ ਨਾਟਕ ਦੀ ਗਹਿਰਾਈ ਤੋਂ ਜਾਣੂ ਹੋ ਜਾਂਦੇ ਹਨ।  ਮੂਕ ਅਦਾਕਾਰੀ ਸੰਬੰਧੀ ਵੀ ਸਥਾਪਨਾਵਾਂ ਪੇਸ਼ ਕੀਤੀਆਂ। ਇਸ ਵਿਧੀ ਵਿਚ ਵੇਸ਼ ਭੂਸ਼ਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਐਪਿਕ ਥੀਏਟਰ ਦੀ ਧਾਰਨਾ ਅਨੁਸਾਰ ਅਣਯਥਾਰਥਕ ਵੇਸ਼ਭੂਸਾ ਵਰਤੀ ਜਾਂਦੀ ਹੈ। ਬਰੈਖਤ ਦਾ ਵਿਚਾਰ ਸੀ ਕਿ ਨਾਟਕ ਵਿਚ ਸਭ ਕੁਝ ਹੂਬਹੂ ਜ਼ਿੰਦਗੀ ਵਾਂਗ ਨਹੀਂ ਹੋਣਾ ਚਾਹੀਦਾ ਕਿਉਂਕਿ ਨਾਟਕ, ਨਾਟਕ ਹੈ, ਜ਼ਿੰਦਗੀ ਨਹੀਂ ਤੇ ਨਾਲ ਦੀ ਨਾਲ ਇਹ ਸੁਹਜ ਸੁਆਦ ਪ੍ਰਦਾਨ ਕਰਨ ਵਾਲਾ ਵੀ ਹੈ। ਬਰੈਖਤ ਭੜਕੀਲੀ ਵੇਸਭੂਸ਼ਾ ਵਰਤਨ ਦੀ ਹਾਮੀ ਭਰਦਾ ਹੈ ਤਾਂ ਜੋ ਦਰਸ਼ਕ ਨਾਟਕ ਨੂੰ ਨਾਟਕ ਸਮਝਣ। ਉਦਾਹਰਨ ਵਜੋਂ ਮੰਗਤੇ ਦੇ ਜੇਕਰ ਭੜਕੀਲਾ ਰੇਸ਼ਮੀ ਟਾਕੀਆਂ ਵਾਲਾ ਪਹਿਰਾਵਾ ਹੋਵੇਗਾ ਤਾਂ ਦਰਸ਼ਕ ਸਥਿਤੀ ਨੂੰ ਆਪ ਹੀ ਸਮਝ ਲੈਣਗੇ। ਵਿਅੰਗ ਦੀ ਵਿਧੀ ਇਥੇ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਜਦੋਂ ਦਰਸ਼ਕ ਅਦਾਕਾਰ ਨਾਲ ਜੁੜਨ ਲੱਗਦੇ ਹਨ, ਸੰਵਾਦ, ਸਿੱਧੀਆਂ ਟਿੱਪਣੀਆਂ ਉਹਨਾਂ ਨੂੰ ਤੋੜਦੀਆਂ ਹਨ। ਇਸ ਵਿਧੀ ਨੇ 'ਵਿੱਥ' ਦੇ ਨਜ਼ਰੀਏ ਤੋਂ ਨਾਟਕਕਾਰ, ਅਦਾਕਾਰ, ਦਰਸ਼ਕ ਸਭ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਕੋਸ਼ਿਸ਼ ਕੀਤੀ।

ਬਰੈਖਤ ਦੀ ਇਸ ਵਿਧੀ ਦਾ ਖੰਡਨ ਇਸ ਆਧਾਰ ਤੇ ਕੀਤਾ ਗਿਆ ਕਿ ਭਾਵ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਅਸੰਭਵ ਹੈ। ਅਸਲ ਵਿਚ ਅਜਿਹਾ ਨਹੀਂ ਸੀ, ਸਗੋਂ ਉਸਦਾ ਵੱਧ ਤੋਂ ਵੱਧ ਯਤਨ ਸੀ ਕਿ ਦਰਸ਼ਕ ਕਿਧਰੇ ਭਾਵਆਤਮਕ ਸਾਂਝ ਜੋੜ ਕੇ ਸਹੀ ਸਮਾਜਕ ਯਥਾਰਥ ਤੋਂ ਵਾਂਝਾ ਨਾ ਰਹਿ ਜਾਵੇ। ਉਸ ਦੀ ਨਾਟਧਾਰਨਾ ਲਿਖਤ ਪਾਠ ਤੇ ਮੰਚੀ ਪਾਠ ਦਾ ਸਮਨਵੈ ਹੈ। ਬਰੈਖਤ ਦੀ ਨਾਟ ਸ਼ੈਲੀ ਦਾ ਆਰੰਭ ਬਿੰਦੂ 'ਭਾਵਾਂ' ਦੀ 'ਨੀਂਹ' ਤੇ 'ਤਰਕ' ਦੀ ਉਸਾਰੀ ਨਾਲ ਸੰਬੰਧਤ ਹੈ। ਉਸਨੇ ਆਪਣੇ ਨਾਟ ਸਿਧਾਂਤ ਰਾਹੀਂ ਪਰੰਪਰਾ ਨੂੰ ਤੋੜ ਕੇ ਨਵਾਂ ਸਿਰਜਣ ਦਾ ਉਪਰਾਲਾ ਕੀਤਾ। ਇਸ ਵਿਧੀ ਦਾ ਪ੍ਰਭਾਵ ਅਨੇਕਾਂ ਮੁਲਕਾਂ ਨੇ ਕਬੂਲਿਆ। ਸਮਾਜਕ ਰਾਜਸੀ ਸਰੋਕਾਰਾਂ ਨੂੰ ਪ੍ਰਗਟਾਉਣ ਲਈ ਇਸ ਵਿਧੀ ਨੇ ਸੋਨੇ ਤੇ ਸੁਹਾਗਾ ਵਾਲਾ ਕਾਰਜ ਕੀਤਾ। ਇਸ ਵਿਧੀ ਨੇ ਨੁੱਕੜ ਨਾਟ ਵਿਧੀ ਨੂੰ ਸੇਧ ਪ੍ਰਦਾਨ ਕੀਤੀ। ਮਾਨਵਤਾਵਾਦੀ ਦ੍ਰਿਸ਼ਟੀਕੋਣ ਤੋਂ ਇਸ ਵਿਧੀ ਦੀ ਆਪਣੀ ਪ੍ਰਸੰਗਕਤਾ ਤੇ ਸਾਰਥਕਤਾ ਹੈ। ਬਰੈਖਤ ਦੀਆਂ ਰਚਨਾਵਾਂ Mother Courage and her children, Women and setzuan, Private life of Master Race ਆਦਿ ਵਿਚੋਂ ਇਸ ਦੇ ਲੱਛਣ ਤਲਾਸ਼ੇ ਜਾ ਸਕਦੇ ਹਨ।

ਪੰਜਾਬੀ ਨਾਟਕਕਾਰਾਂ ਨੇ ਵੀ ਬਰੈਖਤ ਦੇ ਥੀਏਟਰ ਦਾ ਪ੍ਰਭਾਵ ਕਬੂਲਿਆ ਹੈ। ਬਰੈਖਤ ਨੇ ਵਿਸ਼ਾ ਵਸਤੂ ਤੇ ਤਕਨੀਕ ਪੱਧਰ (ਮੰਚ) ਦੇ ਸੁਮੇਲ ਸੰਬੰਧੀ ਆਪਣੇ ਵਿਚਾਰ ਪ੍ਰਸਤੁਤ ਕੀਤੇ ਸਨ। ਪਰ *"ਪੰਜਾਬੀ ਨਾਟਕ ਤੇ ਬਰੈਖਤ ਦਾ ਪ੍ਰਭਾਵ ਨਾਟਕ ਦੀ ਤਕਨੀਕ ਦੇ ਪੱਖ ਤੋਂ ਵਧੇਰੇ ਨਜ਼ਰ ਆਉਂਦਾ ਹੈ ਤੇ ਵਸਤੂ ਪੱਖ ਤੋਂ ਘੱਟ। ਕੁਝ ਨਾਟਕਕਾਰ ਅਜਿਹੇ ਹਨ, ਜਿਨ੍ਹਾਂ ਨੇ ਨਾਟਕ ਦੀ ਤਕਨੀਕ ਵਿਚ ਵੀ ਬਰੈਖਤ ਦੀ ਐਪਿਕ ਥੀਏਟਰ ਦੀ ਧਾਰਨਾ ਦੇ ਅੰਗ ਵਰਤਣ ਤੇ ਵਸਤੂ ਖੇਤਰ ਵੀ ਬਰੈਖਤ ਵਾਂਗ ਸਾਮਿਅਕ ਯਥਾਰਥ ਵਿਚੋਂ ਚੁਣਿਆ ਹੈ। ਪਰ ਬਹੁਤ ਨਾਟਕਾਂ ਵਿਚ ਤਕਨੀਕ ਵਿਚ ਜ਼ਰੂਰ ਇਸ ਨਾਟਧਾਰਨਾ ਦੇ ਅੰਸ਼ ਹਨ, ਨਾਟਕ ਦੀ ਵਸਤੂ ਜ਼ਿੰਦਗੀ ਦੇ ਹੋਰ ਖੇਤਰਾਂ ਵਿਚੋਂ ਹੈ।"*[4]

ਸਤੀਸ਼ ਕੁਮਾਰ ਵਰਮਾ ਨੇ ਇਨ੍ਹਾਂ ਦੋਹਾਂ ਪਹਿਲੂਆਂ ਨੂੰ ਧਿਆਨ ਵਿਚ ਰੱਖ ਕੇ 'ਬਰੈਖਤ ਅਤੇ ਪੰਜਾਬੀ ਨਾਟਕ' ਪੁਸਤਕ ਵਿਚ ਵਿਚਾਰ ਵਟਾਂਦਰਾ ਕੀਤਾ ਹੈ। ਅਜਿਹੀ ਕੋਸ਼ਿਸ਼ ਹੀ ਕੁਲਵੰਤ ਸਿੰਘ ਨੇ ਆਪਣੀ ਪੁਸਤਕ 'ਐਪਿਕ ਥੀਏਟਰ ਤੇ ਇਸਦਾ ਪੰਜਾਬੀ ਨਾਟਕ ਉਤੇ ਪ੍ਰਭਾਵ' ਵਿਚ ਕੀਤੀ ਹੈ। ਇਨ੍ਹਾਂ ਦੋਨਾਂ ਲੇਖਕਾਂ ਦੇ ਅਧਿਐਨ ਦਾ ਸਾਰ ਤੱਤ ਇਹ ਹੈ ਕਿ ਪੰਜਾਬੀ ਨਾਟਕਕਾਰ ਅੰਸ਼ਿਕ ਰੂਪ ਵਿਚ ਪ੍ਰਭਾਵ ਕਬੂਲਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਨਾਟਕਕਾਰ ਪੂਰਨ ਰੂਪ ਵਿਚ ਕਿਸੇ ਵਿਧੀ ਨੂੰ ਵਿਧਾਗਤ ਦੇ ਸੰਰਚਨਾਤਮਕ ਢਾਂਚੇ ਵਿਚ ਨਹੀਂ ਢਾਲਦੇ। ਐਪਿਕ ਵਿਧੀ ਨਾਟਕ ਨਾਲ ਸੰਬੰਧਤ ਅਧਿਐਨ ਵਿਚ ਨਾਟਕਕਾਰਾਂ ਨਾਲੋਂ ਨਾਟਕਾਂ ਨੂੰ ਪ੍ਰਮੁੱਖ ਰੱਖਿਆ ਜਾ ਸਕਦਾ ਹੈ। ਲੰਮੇ ਸਮੇਂ ਦਾ ਨਰਕ, ਨਿਜਾਮ ਸੱਕਾ (ਹਰਸਰਨ ਸਿੰਘ), ਮੁਰਖੀਖਾਨਾਂ, (ਆਤਮਜੀਤ) ਇਕ ਹੀਰੋ ਦੀ ਤਲਾਸ਼ (ਗੁਰਚਰਨ ਸਿੰਘ

ਜਸੂਜਾ) ਦੇਖ ਕਬੀਰਾ ਰੋਇਆ, ਹਿੰਦ ਦੀ ਚਾਦਰ, ਕਲ੍ਹ ਅੱਜ ਤੇ ਭਲਕ (ਹਰਚਰਨ ਸਿੰਘ), ਦੋ ਘੜੀਆਂ ਦਾ ਨਾਟਕ (ਅਮਰਜੀਤ ਗਰੇਵਾਲ), ਸੂਰਜ ਤਪ ਕਰਦਾ (ਜਗਜੀਤ ਕੋਮਲ), ਇਹ ਜਿੰਦਗੀ ਹੈ ਦੋਸਤੋ (ਸੁਰਜੀਤ ਸਿੰਘ ਸੇਠੀ), ਗਗਨ ਮੇ ਥਾਲ, ਸੁਲਤਾਨ ਰਜੀਆ, ਧੂਣੀ ਦੀ ਅੱਗ (ਬਲਵੰਤ ਗਾਰਗੀ), ਅਤੀਤ ਦੇ ਪਰਛਾਵੇਂ (ਘੁੰਮਣ) ਹਵਾਈ ਗੋਲੇ, ਧਮਕ ਨਗਾਰੇ ਦੀ, ਜੰਗੀ ਰਾਮ ਦੀ ਹਵੇਲੀ, ਜਦੋਂ ਰੋਸ਼ਨੀ ਹੁੰਦੀ ਹੈ (ਗੁਰਸ਼ਰਨ ਸਿੰਘ) ਆਦਿ ਆਦਿ ਨਾਟਕ ਵਿਦਵਾਨਾਂ ਨੇ ਇਸ ਵਿਧੀ ਨਾਲ ਜੋੜੇ ਹਨ।

ਬਰੈਖਤ ਆਪਣੇ ਨਾਟਕਾਂ ਦੇ ਵਿਸ਼ੇ ਦੀ ਸਮਾਜਕ ਪ੍ਰਸੰਗਿਕਤਾ ਅਧੀਨ ਕਰਨ ਲਈ ਪ੍ਰੇਰਦਾ ਹੈ। ਸਮੇਂ ਦੇ ਯਥਾਰਥ ਨੂੰ ਪੇਸ਼ ਕਰਨਾ ਉਸਦੇ ਸਿਧਾਂਤ ਦਾ ਮੁੱਖ ਟੀਚਾ ਹੈ। ਪੰਜਾਬੀ ਨਾਟਕਕਾਰ ਇਸ ਲੀਹ ਤੇ ਚੱਲਣ ਲਈ ਯਤਨਸ਼ੀਲ ਪ੍ਰਤੀਤ ਹੰਦੇ ਹਨ। ‘ਲੰਮੇ ਸਮੇਂ ਦਾ ਨਰਕ’ ਕਰਤਾ ਹਰਚਰਨ ਸਿੰਘ ਭਾਵੇਂ ਆਪਣੇ ਆਪ ਨੂੰ ਪੱਛਮੀ ਪ੍ਰਭਾਵ ਕਬੂਲਣ ਤੋਂ ਇਨਕਾਰੀ ਹੈ ਪਰ ਇਸ ਨਾਟਕ ਦੇ ਪ੍ਰਸੰਗ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਇਸਦਾ ਵਿਸ਼ਾ ਬਰੈਖ਼ਤ ਦੇ ਸਿਧਾਂਤ ਦੀ ਪੈਰਵੀ ਕਰਦਾ ਹੈ। ਇਹ ਨਾਟਕ ਲੋਕਰਾਜੀ ਦੇਸ਼ ਵਿਚ ਭ੍ਰਿਸ਼ਟ ਪ੍ਰਬੰਧ (ਸਮਾਜਕ, ਰਾਜਸੀ, ਸਰਕਾਰੀ) ਨੂੰ ਉਜਾਗਰ ਕਰਦਾ ਹੈ। ਇਸ ਭ੍ਰਿਸ਼ਟ ਪ੍ਰਬੰਧ ਦਾ ਸ਼ਿਕਾਰ ਨਾਟਕ ਵਿਚਲਾ ਬੱਸ ਕੰਡਕਟਰ (ਹੀਰੋ) ਹੁੰਦਾ ਹੈ ਜਿਸ ਤੇ ਨਜਾਇਜ ਐਨਕ ਚੋਰੀ ਦਾ ਇਲਜਾਮ ਲੱਗਦਾ ਹੈ । ‘ਨਿਜਾਮ ਸੱਕਾ’ ਵਿਚ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਇਤਿਹਾਸਕ ਘਟਨਾ ਨੂੰ ਵਰਤਮਾਨ ਸਮਾਜਕ ਵਿਚ ਪੁਨਰ ਵਿਆਖਿਆ ਵਜੋਂ ਪੇਸ਼ ਕੀਤਾ ਗਿਆ ਹੈ। ‘ਮੁਰਗੀਖਾਨਾਂ’ (ਆਤਮਜੀਤ) ਸਮਕਾਲੀ ਰਾਜਨੀਤਕ ਅਵਸਥਾ ਦੀ ਪੇਸ਼ਕਾਰੀ ਕਰਦਾ ਹੋਇਆ ਲੋਕਤੰਤਰੀ ਰਾਜਨੀਤਕ ਪ੍ਰਣਾਲੀ ਤੇ ਵਿਅੰਗ ਕਰਦਾ ਹੈ। ‘ਦੋ ਘੜੀਆ ਦਾ ਨਾਟਕ’ (ਅਮਰਜੀਤ ਗਰੇਵਾਲ) ਵਿਚ ਨਕਸਲਵਾਦੀ ਲਹਿਰ ਨੂੰ ਆਧਾਰ ਬਣਾ ਕੇ, ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿਚ ਰਾਜਨੀਤੀ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ‘ਇਕ ਹੀਰੋ ਦੀ ਤਲਾਸ਼’ ਵਿਚ ਗੁਰਚਰਨ ਸਿੰਘ ਜਸੂਜਾ ਨੇ ਵਰਤਮਾਨ ਸਥਿਤੀਆਂ ਵਿਚ ਘਿਰੇ ਮਨੁੱਖ ਦੀ ਬੇਬਸੀ ਨੂੰ ਪੇਸ਼ ਕੀਤਾ ਹੈ। ‘ਸੂਰਜ ਤਪ ਕਰਦਾ’ (ਜਗਜੀਤ ਸਿੰਘ ਕੋਮਲ) ਨੇ ਇਕ ਇਤਿਹਾਸਕ ਸੱਚ ਨੂੰ ਨੰਗਾ ਕਰਕੇ ਭਾਰਤੀ ਰਾਜਸੀ ਨੇਤਾਵਾਂ ਤੇ ਵਿਅੰਗ ਕੀਤਾ ਹੈ। ‘ਜਦੋਂ ਰੋਸ਼ਨੀ ਹੁੰਦੀ ਹੈ’ (ਗੁਰਸ਼ਰਨ ਸਿੰਘ) ਵਿਚ ਰਾਜਨੀਤੀ ਤੇ ਧਰਮ ਦੇ ਸਹਿਯੋਗ ਨਾਲ ਹੋ ਰਹੇ ਸ਼ੋਸ਼ਣ ਦੀ ਪੇਸ਼ਕਾਰੀ ਹੈ। ‘ਧਮਕ ਨਗਾਰੇ ਦੀ’ (ਗੁਰਸ਼ਰਨ ਸਿੰਘ) ਵਿਚ ਇਤਿਹਾਸਕ, ਰਾਜਸੀ, ਸਮਕਾਲੀ ਸਥਿਤੀਆਂ ਦਾ ਨਿਭਾਉ ਹੋਇਆ ਹੈ। ਹੋਰਨਾਂ ਨਾਟਕਾਂ ਵਿਚ ਵੀ ਬਰੈਖਤ ਦੀ ਨਾਟ ਧਾਰਨਾ ਅਨੁਸਾਰ ਵਿਸ਼ੇ ਪਛਾਣੇ ਜਾ ਸਕਦੇ ਹਨ।

ਬਰੈਖਤ ਦੀ ਨਾਟ ਧਾਰਨਾ ਅਨੁਸਾਰ ‘ਵਿੱਥ’ ਮਹੱਤਵਪੂਰਨ ਹੈ। ਪੰਜਾਬੀ ਨਾਟਕਕਾਰ ਇਸ ਵਿਧੀ ਦੀ ਵਰਤੋਂ ਕਰਦੇ ਨਜ਼ਰ ਆਉਂਦੇ ਹਨ। ‘ਲੰਮੇ ਸਮੇਂ ਦਾ ਨਰਕ’ (ਹਰਸ਼ਰਨ ਸਿੰਘ) ਵਿਚ ਨਾਟਕ ਦੇ ਆਰੰਭ ਵਿਚ ‘ਨਾਟਕਕਾਰ’ ਨਾਮੀ ਪਾਤਰ ਦਰਸ਼ਕਾਂ ਨੂੰ ਸਿੱਧਾ ਸੰਬੋਧਨ ਕਰਕੇ, ਨਾਟਕ ਵਿਚਲੀਆਂ ਘਟਨਾਵਾਂ, ਵਾਪਰਨ ਸਥਾਨ ਅਤੇ ਇਹਨਾਂ ਘਟਨਾਵਾਂ ਦੀ ਸਰਵ ਵਿਅਪਾਕਤਾ ਬਾਰੇ ਜਾਣੂ ਕਰਵਾਉਂਦਾ ਹੈ। ‘ਨਾਟਕਕਾਰ’ ਤਿੰਨੇਂ ਦ੍ਰਿਸ਼ਾਂ ਵਿਚ ਇੰਜ ਟਿਪਣੀਆਂ ਕਰਦਾ ਹੈ ਜਿਵੇਂ, ਦ੍ਰਿਸ਼ ਪਹਿਲਾ :

*ਨਾਟਕਕਾਰ :* *ਪਿਆਰੇ ਦਰਸ਼ਕੋ, ਜਿਸ ਜਗ੍ਹਾਂ ਤੇ ਮੈਂ ਇਸ ਵੇਲੇ ਖੜੋਤਾ ਹੋਇਆ ਹਾਂ*
*ਇਹ ਲੋਕ ਰਾਜੀ ਦੇਸ ਦੇ ਇਕ ਸ਼ਹਿਰ ਦਾ ਭਾਗ ਹੈ।* 5

ਇਸੇ ਤਰ੍ਹਾਂ ਦੂਜੇ ਦ੍ਰਿਸ਼ ਵਿਚ ਨਾਟਕਕਾਰ ਪਿਆਰੇ ਦਰਸ਼ਕੋ ਸੰਬੋਧਨ ਹੁੰਦਾ ਹੋਇਆ ਮਾਮੂਲੀ ਪਿੰਡ ਤੇ ਤੀਜੇ ਦ੍ਰਿਸ਼ ਵਿਚ ਅਦਾਲਤ ਦਾ ਦ੍ਰਿਸ਼ ਸਿਰਜਦਾ ਹੈ।

ਨਾਟਕ ਵਿਚ ਇਹ ਤਿੰਨ ਦ੍ਰਿਸ਼ ਸੁੰਤਤਰ ਵੀ ਹਨ ਤੇ ਆਪਸ ਵਿਚ ਸੰਬੰਧਤ ਵੀ ਹਨ। ਵਿਅੰਗਾਤਮਕ ਸੰਵਾਦ ਵਿਵਸਥਾ ਤੇ ਚੋਟਾਂ ਕਰਦੇ ਹਨ। ਹਰੇਕ ਦ੍ਰਿਸ਼ ਵਿਸ਼ੇ ਨੂੰ ਉਘਾੜਦਾ ਹੈ ਤੇ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ। ਪਰ ਇਸ

ਨਾਟਕ ਵਿਚ ਪ੍ਰੋਜੈਕਸਨ, ਗੀਤ, ਕੋਰਸ ਆਦਿ ਦੀ ਵਰਤੋਂ ਨਹੀਂ ਹੋਈ ਹੈ। ਬਰੈਖਤ ਦੀ ਤਕਨੀਕ ਅਨੁਸਾਰ 'ਕਲ੍ਹ ਅੱਜ ਤੇ ਭਲਕ' (ਹਰਚਰਨ ਸਿੰਘ) ਵਿਚ ਵੀ ਬਹੁਤ ਦ੍ਰਿਸ਼ ਵਰਤੇ ਗਏ ਹਨ। ਇੰਜ ਉਪਰੋਕਤ ਸੰਵਾਦ ਤੋਂ ਇਹ ਜ਼ਾਹਿਰ ਹੋ ਜਾਂਦਾ ਹੈ ਕਿ ਨਾਟਕਕਾਰ, ਕਥਾਕਾਰ, ਸੂਤਰਧਾਰ, ਆਦਿ ਸਮੇਂ, ਸਥਾਨ, ਸਥਿਤੀਆਂ ਆਦਿ ਤੇ ਟਿੱਪਣੀਆਂ ਕਰਦੇ ਹਨ ਤੇ ਦਰਸ਼ਕਾਂ ਨੂੰ ਅਹਿਸਾਸ ਕਰਵਾਇਆ ਜਾਂਦਾ ਹੈ ਕਿ ਉਹ ਨਾਟਕ ਵੇਖ ਰਹੇ ਹਨ, ਜ਼ਿੰਦਗੀ ਨਹੀਂ। ਅਮਰਜੀਤ ਗਰੇਵਾਲ ਦੇ 'ਦੋ ਘੜੀਆਂ ਦਾ ਨਾਟਕ' ਦੇ ਇਹ ਬੋਲ 'ਵਿੱਥ ਸਿਧਾਂਤ' ਦੇ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ:

*ਬੰਦਾ :* *ਗੱਲ ਤਾਂ ਸਿਰਫ਼ ਜ਼ਿੰਦਗੀ ਦੇ ਸੱਚ ਨੂੰ ਪੇਸ਼ ਕਰਨ ਦੀ ਹੈ, ਜ਼ਿੰਦਗੀ ਦੀ ਇਨ ਬਿਨ ਨਕਲ ਦੀ ਨਹੀਂ।* 6

ਐਪਿਕ ਨਾਟ ਵਿਧੀ ਅਨੁਸਾਰ ਅਦਾਕਾਰ ਦਰਸ਼ਕ ਵਿਚਕਾਰ ਵਿਥ ਸਥਾਪਤ ਕਰਨ ਲਈ ਲੋਕ ਨਾਟ ਵਿਧੀਆਂ ਦੀ ਵਰਤੋਂ, ਤਿੱਖੇ ਚੁਸਤ ਸੰਵਾਦ ਦੀ ਵਿਧੀ ਉਪਯੁਕਤ ਹੁੰਦੀ ਹੈ। 'ਮੁਰਗੀਖਾਨਾ' (ਆਤਮਜੀਤ) ਵਿਚ ਦਰਸ਼ਕਾਂ ਨੂੰ ਗਲਤ ਸਮਾਜਕ ਪ੍ਰਬੰਧ ਵਿਚ ਬਦਲਾਉ ਲਿਆਉਣ ਲਈ ਨਾਟਕਕਾਰ ਨੇ ਦਰਸ਼ਕਾਂ ਦੀ ਬੁੱਧੀ ਨੂੰ ਪ੍ਰਭਾਵਿਤ ਕਰਨ ਦਾ ਉਪਰਾਲਾ ਕੀਤਾ ਹੈ। ਉਸਨੇ ਨਾਟਕੀ ਕਾਰਜ ਵਿਚ ਪਾਤਰਾਂ ਤੋਂ ਆਲੋਚਨਾਤਮਕ ਟਿੱਪਣੀਆਂ ਮਸਖਰਿਆਂ ਰਾਹੀਂ ਕਰਵਾਈਆਂ ਹਨ। ਜਿਸ ਨਾਲ ਨਾਟਕੀ ਕਾਰਜ ਦੀ ਨਿਰੰਤਰਤਾ ਭੰਗ ਹੁੰਦੀ ਹੈ।

ਐਪਿਕ ਨਾਟ ਵਿਧੀ ਵਿਚ ਕੇਵਲ ਸਮੱਸਿਆ ਸੰਬੰਧੀ ਜਾਣਕਾਰੀ ਹੀ ਮੁਹੱਈਆ ਨਹੀਂ ਕਰਵਾਈ ਜਾਂਦੀ ਸਗੋਂ ਦੋਸ਼ਪੂਰਨ ਮਾਹੌਲ ਨੂੰ ਬਦਲਣ ਲਈ ਹੱਲ ਵੀ ਦੱਸਿਆ ਜਾਂਦਾ ਹੈ। ਜਿਵੇਂ 'ਇਕ ਹੀਰੋ ਦੀ ਤਲਾਸ਼' (ਗੁਰਚਰਨ ਸਿੰਘ ਜਸੂਜਾ) ਵਿਚ 'ਨਾਟਕਕਾਰ' ਪਾਤਰ ਸਮਾਜ ਮਾਹੌਲ ਬਦਲਣ ਲਈ ਕਾਰਨਾਂ ਦੀ ਤਲਾਸ ਕਰਦਆਂ ਹੋਇਆ 'ਇਕ ਹੀਰੋ ਦੀ ਤਲਾਸ਼' ਕਰਦਾ ਹੈ," *ਮੈਂ ਉਦਾਸ ਆਂ ਕਿਉਂਕਿ ਜਿਸ ਹੀਰੋ ਦੀ ਤਲਾਸ ਵਿਚ ਮੈਂ ਮਾਰਾ ਮਾਰਾ ਫਿਰਿਆ ਹਾਂ, ਜਿਸ ਹੀਰੋ ਨੂੰ ਮੈਂ ਲੱਭਿਆ ਹੈ, ਉਹ ਮੈਨੂੰ ਕਿਤੇ ਵੀ ਨਜ਼ਰ ਨਹੀਂ ਆਇਆ। ਇਸ ਤਰ੍ਹਾਂ ਕਿਉਂ ਹੈ ? ਕਿਉਂ ਹੈ ? ਇਉਂ ਜਾਪਦਾ ਹੈ ਏ, ਕਿਤੇ ਕਿਤੇ ਕੋਈ ਨਾ ਕੋਈ ਖਾਮੀ ਜ਼ਰੂਰ ਏ ? ਮੈਨੂੰ ਇਕ ਹੀਰੋ ਦੀ ਤਲਾਸ਼ ਹੈ ਜੋ ਇਸ ਮਹਾਂਨਗਰ ਵਿਚ ਨਵੀਂ ਰੂਹ ਭਰ ਸਕੇ।"* 7

ਐਪਿਕ ਨਾਟ ਵਿਧੀ ਵਿਚ ਮੰਚ, ਜੜ੍ਹਤ, ਪਹਿਰਾਵਾ ਆਦਿ ਅਣਯਥਾਰਥਕ ਪੱਧਰ ਦੀ ਹੁੰਦੀ ਹੈ। ਦਰਸ਼ਕਾਂ ਸਾਹਮਣੇ ਪ੍ਰਸਤੁਤੀ ਕਰ ਰਹੇ ਅਦਾਕਾਰ ਵਿੱਥ ਸਿਰਜਦੇ ਹਨ। ਗੁਰਸ਼ਰਨ ਸਿੰਘ ਦੇ ਨਾਟਕ 'ਊਧਮ ਸਿੰਘ' ਵਿਚ ਨਾਟਕ ਸ਼ੁਰੂ ਹੋਣ ਤੋਂ ਪਹਿਲਾ ਇਸ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ, *"ਸਹੀਦ ਊਧਮ ਸਿੰਘ ਵੀ ਇਕ ਨਾਟਕ ਦਾ ਕਲਾਕਾਰ ਹੋਵੇਗਾ। ਜੱਜ ਐਟਕਿਨਸਨ ਵੀ ਕਲਾਕਾਰ ਹੀ ਹੋਵੇਗਾ। ਇਹ ਪੰਜਾਬੀ ਹੀ ਹੋਵੇਗਾ। ਇਸ ਤਰ੍ਹਾਂ ਹੀ ਸਰਕਾਰੀ ਵਕੀਲ ਇਕ ਅੰਗਰੇਜ਼ ਔਰਤ ਇਹ ਵੇਸ਼ਭੂਸ਼ਾ ਤੋਂ ਤੁਹਾਨੂੰ ਅਸਲੀ ਪਾਤਰ ਨਹੀਂ ਲੱਗਣਗੇ। ਪਰ ਨਾਟਕ ਵਿਚ ਇਹ ਸਵਾਂਗ ਕਰਨੇ ਪੈਂਦੇ ਹਨ।"* 8

ਇਸ ਤਰ੍ਹਾਂ 'ਇਤਿਹਾਸੀਕਰਣ' ਵਿਧੀ ਨੂੰ ਗੁਰਸ਼ਰਨ ਸਿੰਘ ਨੇ ਆਪਣੇ ਨਾਟਕ 'ਧਮਕ ਨਗਾਰੇ ਦੀ' 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' 'ਬੇਗਮੋ ਦੀ ਧੀ', 'ਗਦਰ ਦੀ ਲਹਿਰ', 'ਗਦਰ ਦੀ ਗੂੰਜ' ਆਦਿ ਵਿਚ ਪੇਸ਼ ਕੀਤਾ ਹੈ। ਇਸ ਵਿਧੀ ਦੇ ਨਿਭਾਅ ਲਈ ਕੋਰਸ ਅਹਿਮ ਭੂਮਿਕਾ ਨਿਭਾਉਂਦਾ ਹੈ। 'ਧਮਕ ਨਗਾਰੇ ਦੀ' ਨਾਟਕ ਇਸਦੀ ਪ੍ਰਤਿਨਿਧ ਮਿਸਾਲ ਹੈ। ਇਸ ਵਿਚ ਕੋਰਸ ਸਮੇਂ ਸਮੇਂ ਵਾਪਰੀਆਂ ਘਟਨਾਵਾਂ ਤੇ ਪ੍ਰਤਿਕਿਰਿਆ ਕਰਦਾ ਹੈ। ਜਿਵੇਂ :

*(ਨਾਟਕ ਸ਼ੁਰੂ ਹੋਣ 'ਤੇ ਕੋਰਸ ਮੰਚ 'ਤੇ ਆਉਂਦਾ ਹੈ।)*
*ਇਕ ਜ਼ਿਲ੍ਹਾ ਲਾਹੌਰ ਪੰਜਾਬ ਅੰਦਰ,*
*ਜਿਹੜੀ ਲੱਭਦੀ ਨਾ ਕੋਈ ਮਿਸਾਲ ਲੋਕੋ।*
*ਬਾਰ੍ਹਾਂ ਕੋਸ ਤੋਂ ਉਸ ਦੇ ਇਕ ਸ਼ਹਿਰ ਵਸਦਾ,*

*ਨਾਂ ਉਸ ਦਾ ਸਾਂਦਲ ਦੀ ਬਾਰ ਲੋਕੋ।*
*ਪੁੱਤ ਧੀਆਂ ਉਥੋਂ ਦੇ ਬੜੇ ਹਿੰਮਤੀ,*
*ਹੱਸਦੇ ਵੱਸਦੇ ਖ਼ੁਸ਼ੀ ਦੇ ਨਾਲ ਲੋਕੋ।*
*ਅਕਬਰ ਬਾਦਸ਼ਾਹ ਉਹਨਾਂ ਤੋਂ ਤੰਗ ਬਹੁਤਾ,*
*ਨਾ ਸੀ ਸ਼ਾਹ ਨੂੰ ਉਹ ਕੁਝ ਦਵਾਲ ਲੋਕੋ।* 9

ਕੋਰਸ ਦੇ ਸੰਵਾਦ ਲਾਹੌਰ ਦੀ ਦ੍ਰਿਸ਼ ਸਿਰਜਣ ਲਈ ਵੀ ਮੱਦਦਗਾਰ ਹੁੰਦੇ ਹਨ। ਜਿਵੇਂ "ਲੈ ਬਈ ਲਾਹੌਰ ਸ਼ਹਿਰ ਆ ਗਿਆ। ਅਸੀਂ ਦਰਬਾਰ ਵਿਚ ਜਾ ਰਹੇ ਆਦਿ ਆਦਿ। ਕੋਰਸ ਦੇ ਉਚਾਰੇ ਸੰਵਾਦ ਦਰਸ਼ਕਾਂ ਨੂੰ ਲਾਹੌਰ ਲੈ ਜਾਂਦੇ ਹਨ। ਇੰਜ ਇਹ ਸੰਵਾਦ ਉਨ੍ਹਾਂ ਨੂੰ ਸੁਚੇਤ ਕਰਦੇ ਰਹਿੰਦੇ ਹਨ ਕਿ ਉਹ ਨਾਟਕ ਵੇਖ ਰਹੇ ਹਨ। ਇਸ ਦ੍ਰਿਸ਼ ਲਈ ਕੋਈ ਵਿਸ਼ੇਸ਼ ਮੰਚ ਜੜ੍ਹਤ ਦੀ ਜ਼ਰੂਰਤ ਨਹੀਂ। ਸੂਤਰਧਾਰ, ਗੀਤ, ਮੂਕ ਸੈਨਤਾਂ, ਕੋਰਿਉਗ੍ਰਾਫੀ ਆਦਿ ਐਪਿਕ ਵਿਧੀਆਂ ਨੂੰ ਗੁਰਸ਼ਰਨ ਸਿੰਘ ਨੇ ਵਿਸ਼ੇਸ਼ ਰੂਪ ਵਿਚ ਅਪਣਾਇਆ। ਇਸ ਦੀ ਉਤਮ ਮਿਸਾਲ 'ਗਦਰ ਦੀ ਗੂੰਜ' ਨਾਚ ਨਾਟਕ ਵਿਚੋਂ ਸਹਿਜੇ ਹੀ ਸਾਹਮਣੇ ਆਉਂਦੀਆਂ ਹਨ:

*ਗਾਇਕ ਮੰਡਲੀ :* *ਰੱਬਾ ਰੱਬਾ ਮੀਂਹ ਵਸਾ,*
*ਸਾਡੀ ਕੋਠੀ ਦਾਣੇ ਪਾ,*
*ਕਾਲੀਆਂ ਇੱਟਾਂ ਕਾਲੇ ਰੋੜ,*
*ਮੀਂਹ ਵਸਾਦੇ ਜੋਰੋ ਜੋਰ,*
*(ਗੀਤ ਦੇ ਨਾਲ ਨਾਲ ਕਿਸਾਨ ਢੋਲ ਦੀ ਤਾਲ 'ਤੇ ਐਕਸ਼ਨ ਕਰਦੇ ਨੇ।)*

*ਸੂਤਰਧਾਰ :* *ਬੱਦਲ ਆਉਂਦੇ ਨੇ, ਬਰਸਾਤ ਹੁੰਦੀ ਹੈ ਤੇ ਕਿਸਾਨ ਖ਼ੁਸ਼ੀ ਨਾਲ ਝੂਮ ਉਠਦਾ ਹੈ।*

*ਕਲਾਕਾਰ :* *ਬੱਦਲਾਂ ਦੇ ਗਰਜਣ ਦੀ ਆਵਾਜ਼ 'ਤੇ ਮੀਂਹ ਪੈਣ ਦਾ ਸੰਗੀਤ ਉੱਭਰਦਾ*
*ਹੈ,* *ਸਾਰੇ ਕਿਸਾਨ ਤੇ ਔਰਤਾਂ ਖ਼ੁਸ਼ੀ ਵਿਚ ਮੀਂਹ 'ਚ ਨਹਾਉਂਦੇ ਨੇ, ਕੱਪੜੇ ਨਚੋੜਦੇ ਨੇ ਤੇ ਇਕ ਦੂਜੇ 'ਤੇ ਛਿੱਟਾਂ ਪਾਉਂਦੇ* ।10

ਨਿਰਮਲ ਸਿੰਘ ਗਿੱਲ ਨੇ 'ਆਤਮ ਅਨਾਤਮ' ਵਿਚ ਟੈਲੀਵੀਜਨ ਤੇ ਫਿਲਮ ਤਕਨੀਕ ਦੀ ਵਰਤੋਂ ਕੀਤੀ ਹੈ। ਅਖ਼ਬਾਰੀ ਕਾਤਰਾਂ ਨੂੰ ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿਚ ਪ੍ਰਸਤੁਤ ਕੀਤਾ ਹੈ। *ਰੋਸ਼ਨ ਲਾਲ ਆਹੂਜਾ* 11 ਪੰਜਾਬੀ ਵਿਚ ਐਪਿਕ ਵਿਧੀ ਦਾ ਝੰਡਾਬਰਦਾਰ ਗੁਰਸ਼ਰਨ ਸਿੰਘ ਨੂੰ ਮੰਨਦਾ ਹੈ। ਉਹ ਦਲੀਲ ਦਿੰਦਾ ਹੈ ਕਿ ਸਮਾਜਕ ਰਾਜਸੀ ਚੇਤਨਾ ਲਈ ਗੁਰਸ਼ਰਨ ਸਿੰਘ ਨੇ ਐਪਿਕ ਵਿਧੀ ਨੂੰ ਧਮਕ ਨਗਾਰੇ ਦੀ, ਜੰਗੀ ਰਾਮ ਦੀ ਹਵੇਲੀ, ਇਨਕਲਾਬ ਜ਼ਿੰਦਾਬਾਦ, ਜਦੋਂ ਰੋਸ਼ਨੀ ਹੁੰਦੀ ਹੈ ਆਦਿ ਵਿਚ ਪੇਸ਼ ਕੀਤਾ ਹੈ। ਪਰ ਗੁਰਸ਼ਰਨ ਸਿੰਘ ਆਪਣੇ ਆਪ ਨੂੰ ਕਿਸੇ ਮਾਡਲ ਤੋਂ ਅਲਹਿਦਾ ਰੱਖਣਾ ਚਾਹੁੰਦਾ ਹੈ,"*ਮੇਰੇ ਸਾਹਮਣੇ ਕਈ ਮਾਡਲ ਸਨ। ਮੈਂ ਪ੍ਰਭਾਵਤ ਸਾਂ। ਸਭ ਤੋਂ ਵੱਧ ਮੇਰੇ ਉੱਤੇ ਬਰਨਾਰਡ ਸਾਅ ਦਾ ਪ੍ਰਭਾਵ ਹੈ। ਮੈਂ ਬ੍ਰੈਖਤ ਦੇ ਐਪਿਕ ਤੋਂ ਵੀ ਵਾਕਿਫ਼ ਹਾਂ। ਭਾਰਤੀਆਂ ਦੀ ਗੱਲ ਕਰਨੀ ਹੋਵੇ ਤਾਂ ਵਿਜੇ ਤੇਂਦੂਲਕਾਰ ਪਸੰਦ ਹਨ, ਪਰ ਬੰਗਾਲ ਬਾਦਲ ਸਰਕਾਰ ਤੇ ਸੰਭੂ ਸਿਤਾਰਾ ਦਾ ਕੰਮ ਸਦਾ ਪ੍ਰਭਾਵਤ ਕਰਦਾ ਹੈ, ਹੋਰ*

*ਕਿਸੇ ਨਾਲੋਂ ਵੀ ਵੱਧ ਆਪਣਿਆਂ ਦੀ ਗੱਲ ਕਰਾਂ ਤਾਂ ਆਈ ਸੀ ਨੰਦਾ ਦਾ ਯਥਾਰਥਵਾਦ ਮੇਰੇ ਲਈ ਪ੍ਰੇਰਣਾ ਰਿਹਾ ਹੈ। ਇਸ ਵਾਕਫ਼ੀਆ ਤੋਂ ਬਾਅਦ ਹੀ ਮੈਂ ਆਪਣਾ ਰਸਤਾ ਚੁਣਿਆ।"*12

ਸਮੁੱਚੇ ਰੂਪ ਵਿਚ ਇਹ ਕਹਿਣਾ ਬਣਦਾ ਹੈ ਕਿ ਪੰਜਾਬੀ ਨਾਟਕਕਾਰਾਂ ਨੇ ਐਪਿਕ ਵਿਧੀ ਨੂੰ ਹੂ ਬ ਹੂ ਨਹੀਂ ਅਪਣਾਇਆ ਸਗੋਂ ਉਸ ਵਿਚ ਬਦਲਾਉ ਕੀਤੇ ਹਨ। ਬਰੈਖਤ ਦੇ ਤਕਨੀਕੀ ਪੱਖ ਤੋਂ ਵਿਚਾਰੇ ਸਿਧਾਂਤਾਂ ਨੂੰ ਵਧੇਰੇ ਤਰਜੀਹ ਦਿੱਤੀ ਹੈ। ਵਿਸ਼ਾਗਤ ਪਾਸਾਰਾਂ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਨਤੀਜ਼ਾ ਇਹ ਹੈ ਕਿ ਐਪਿਕ ਵਿਧੀ ਅੰਸ਼ਿਕ ਰੂਪ ਵਿਚ ਪੇਸ਼ ਹੋਈ ਹੈ।

## ਹਵਾਲੇ ਅਤੇ ਟਿੱਪਣੀਆਂ


1. ਸਤੀਸ਼ ਕੁਮਾਰ ਵਰਮਾ, ***ਬਰੈਖਤ ਅਤੇ ਪੰਜਾਬੀ ਨਾਟਕ***, ਸ੍ਰੀਮਤੀ ਦਵਾਰਕੀ ਦੇਵੀ ਮੈਮੋਰੀਅਲ ਪ੍ਰਕਾਸ਼ਨ, ਪਟਿਆਲਾ, 1983, ਪੰਨਾ 15
2. Peter Szondi, ***Theory of Modern Drama***, Polity Press, Cambridge, 1987, page 72
3. Ibid
4. ਸਤੀਸ਼ ਕੁਮਾਰ ਵਰਮਾ, ***ਬਰੈਖਤ ਅਤੇ ਪੰਜਾਬੀ ਨਾਟਕ***, ਸ੍ਰੀਮਤੀ ਦਵਾਰਕੀ ਦੇਵੀ ਮੈਮੋਰੀਅਲ ਪ੍ਰਕਾਸ਼ਨ, ਪਟਿਆਲਾ, 1983, ਪੰਨਾ 28
5. ਹਰਸ਼ਰਨ ਸਿੰਘ, ***ਲੰਮੇ ਸਮੇਂ ਦਾ ਨਰਕ***, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1999, ਪੰਨਾ 5
6. ਅਮਰਜੀਤ ਗਰੇਵਾਲ, ***ਦੋ ਘੜੀਆਂ ਦਾ ਨਾਟਕ***, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1976, ਪੰਨਾ 11
7. ਗੁਰਚਰਨ ਸਿੰਘ ਜਸੂਜਾ, ***ਇਕ ਹੀਰੋ ਦੀ ਤਲਾਸ਼***, ਨੀਲ ਕੰਠ ਪ੍ਰਕਾਸ਼ਨ, ਨਵੀਂ ਦਿੱਲੀ, 1977, ਪੰਨਾ 80
8. ਕੇਵਲ ਧਾਲੀਵਾਲ (ਸੰਪਾਦਕ), ***ਗੁਰਸ਼ਰਨ ਸਿੰਘ ਦੇ ਨਾਟਕ (ਭਾਗ ਸੱਤਵਾਂ)***, ਮੰਚ ਰੰਗਮੰਚ, ਅੰਮ੍ਰਿਤਸਰ, 2011, ਪੰਨਾ 186
9. ਉਹੀ, ***ਗੁਰਸ਼ਰਨ ਸਿੰਘ ਦੇ ਨਾਟਕ (ਭਾਗ ਪਹਿਲਾ)***, ਮੰਚ ਰੰਗਮੰਚ, ਅੰਮ੍ਰਿਤਸਰ, 2011, ਪੰਨਾ 36
10. ਉਹੀ, ***ਗੁਰਸ਼ਰਨ ਸਿੰਘ ਦੇ ਨਾਟਕ (ਭਾਗ ਸੱਤਵਾਂ)***, ਮੰਚ ਰੰਗਮੰਚ, ਅੰਮ੍ਰਿਤਸਰ, 2011, ਪੰਨੇ 199
11. ਰੋਸ਼ਨ ਲਾਲ ਆਹੂਜਾ, ***ਪੰਜਾਬੀ ਨਾਟਕ ਉਤੇ ਪੱਛਮੀ ਪ੍ਰਭਾਵ***, ***(ਖੋਜ ਪੱਤ੍ਰਿਕਾ, ਅੰਕ : 28, ਸਤੰਬਰ 1986)***, ਪੰਨਾ 16
12. ਸਬਦੀਸ਼, ***ਨਾਟਕਕਾਰ ਗੁਰਸ਼ਰਨ ਸਿੰਘ ਨਾਲ ਮੁਲਾਕਾਤ***, ***(ਰੰਗਸੰਗ : 1, ਜਨਵਰੀ ਮਾਰਚ, 2009)***, ਪੰਨਾ 20

# ਜੰਗਨਾਮਾ ਸ਼ਾਹ ਮੁਹੰਮਦ : ਪੁਨਰ-ਸੰਵਾਦ

**ਬਲਵਿੰਦਰ ਸਿੰਘ**
ਖੋਜਾਰਥੀ, ਪੰਜਾਬੀ ਵਿਭਾਗ,
ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ।

## *ਐਬਸਟ੍ਰੈਕਟ*

*ਸ਼ਾਹ ਮੁਹੰਮਦ ਰਚਿਤ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਰਾਜਸੀ ਚੇਤਨਾ ਪੱਖੋਂ ਉਨ੍ਹੀਵੀਂ ਸਦੀ ਦੀ ਸ਼ਾਹਕਾਰ ਰਚਨਾ ਹੈ। ਇਸ ਰਚਨਾ ਨੂੰ ਸ਼ਾਹ ਮੁਹੰਮਦ ਨੇ ਇਕ ਸੁਹਿਰਦ ਪੰਜਾਬੀ ਹੋਣ ਦੇ ਨਾਤੇ ਪੰਜਾਬ ਦੇ ਸਾਂਝੇ ਮੁਹਾਜ਼ ਤੋਂ ਲਿਖਿਆ ਹੈ। ਉਸਨੇ ਆਪਣੀ ਪ੍ਰਪੱਕ ਸੂਝ ਰਾਹੀਂ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਅਤੇ ਸਿੱਖ-ਰਾਜ ਦੇ ਵਿਗਠਨ ਲਈ ਜ਼ਿੰਮੇਵਾਰ ਕਾਰਕਾਂ ਨੂੰ ਨਸ਼ਰ ਕੀਤਾ ਹੈ। ਇਸ ਰਚਨਾ ਦੇ ਪਾਠ ਉਪਰੰਤ ਸ਼ਾਹ ਮੁਹੰਮਦ ਰਾਜਸੀ ਮਸਲਿਆਂ ਪ੍ਰਤਿ ਸੁਚੇਤ ਕਵੀ ਵਜੋਂ ਉਭਰਦਾ ਹੈ।*

ਸ਼ਾਹ ਮੁਹੰਮਦ ਰਚਿਤ 'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਰਾਜਸੀ ਚੇਤਨਾ ਪੱਖੋਂ ਉਨ੍ਹੀਵੀਂ ਸਦੀ ਦੀ ਸ਼ਾਹਕਾਰ ਰਚਨਾ ਹੈ। ਇਸ ਰਚਨਾ ਨੂੰ ਸ਼ਾਹ ਮੁਹੰਮਦ ਨੇ ਇਕ ਸੁਹਿਰਦ ਪੰਜਾਬੀ ਹੋਣ ਦੇ ਨਾਤੇ ਪੰਜਾਬ ਦੇ ਸਾਂਝੇ ਮੁਹਾਜ਼ ਤੋਂ ਲਿਖਿਆ ਹੈ। ਉਸਨੇ ਆਪਣੀ ਪ੍ਰਪੱਕ ਸੂਝ ਰਾਹੀਂ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਅਤੇ ਸਿੱਖ-ਰਾਜ ਦੇ ਵਿਗਠਨ ਲਈ ਜ਼ਿੰਮੇਵਾਰ ਕਾਰਕਾਂ ਨੂੰ ਨਸ਼ਰ ਕੀਤਾ ਹੈ। ਇਸ ਰਚਨਾ ਦੇ ਪਾਠ ਉਪਰੰਤ ਸ਼ਾਹ ਮੁਹੰਮਦ ਰਾਜਸੀ ਮਸਲਿਆਂ ਪ੍ਰਤਿ ਸੁਚੇਤ ਕਵੀ ਵਜੋਂ ਉਭਰਦਾ ਹੈ। ਇਸੇ ਸਦਕਾ ਉਸਨੂੰ '*ਪੰਜਾਬ ਦਾ ਕੌਮੀ ਕਵੀ*'[1] ਉਸ ਸਮੇ ਦਾ ਸਭ ਤੋਂ '*ਸੁਜਾਨ ਪੁਰਖ*'[2] ਅਤੇ ਉਸਦੀ ਕ੍ਰਿਤ ਨੂੰ '*ਲਾਸਾਨੀ ਰਚਨਾ*'[3] ਦਾ ਦਰਜਾ ਦਿੱਤਾ ਜਾਂਦਾ ਹੈ।

ਪੰਜਾਬੀ ਚਿੰਤਨ-ਜਗਤ ਵਿਚ ਸ਼ਾਹ ਮੁਹੰਮਦ ਦੀ ਹੱਥਲੀ ਕ੍ਰਿਤ ਦਾ ਬੜੀ ਨੀਝ ਨਾਲ ਵਿਸ਼ਲੇਸ਼ਣ ਤੇ ਮੁਲਾਂਕਣ ਹੋਇਆ ਹੈ। ਸ਼ਾਹ ਮੁਹੰਮਦ ਦੇ ਜੀਵਨ ਅਤੇ ਰਚਨਾ ਦੇ ਕਾਲ, ਰੂਪ, ਨਾਮਕਰਣ, ਪਾਠ-ਭੇਦ ਤੇ ਸਾਹਿਤਕ ਮਹੱਤਵ ਬਾਰੇ ਭਰਪੂਰ ਚਰਚਾ ਹੋ ਚੁੱਕੀ ਹੈ। ਇਸਦੇ ਇਤਿਹਾਸਕ ਮੁੱਲ ਨੂੰ ਵੀ ਨਿਰਵਿਵਾਦ ਸਵੀਕਾਰਿਆ ਗਿਆ ਹੈ। ਵੱਖ-ਵੱਖ ਪ੍ਰਮਾਣਕ ਸ੍ਰੋਤਾਂ ਦੀ ਘੋਖ-ਪੜਤਾਲ ਉਪਰੰਤ ਇਸ ਰਚਨਾ ਦੇ ਪਾਤਰਾਂ ਤੇ ਘਟਨਾਵਾਂ ਨੂੰ ਇਤਿਹਾਸਕ ਪੱਖੋਂ '*ਸੋਲ੍ਹਾ ਆਨੇ ਸਹੀ*'[4] ਮੰਨਿਆ ਗਿਆ ਹੈ। ਹੁਣ ਤਕਾਜ਼ਾ ਹੈ ਕਿ ਉਕਤ ਅਧਿਐਨ ਤੋਂ ਅਗਾਂਹ ਸਰਕਦਿਆਂ ਇਸਦੇ ਅਣਗੌਲੇ ਤੇ ਅਣਪਛਾਤੇ ਪੱਖਾਂ ਨੂੰ ਉਭਾਰਿਆ ਜਾਵੇ।

'ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ' ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਰਾਜ-ਦਰਬਾਰ ਵਿਚਲੀ ਕਤਲੋਗਾਰਤ, ਆਪਸੀ ਫੁੱਟ ਅਤੇ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਦਾ ਮਾਰਮਿਕ ਚਿੱਤਰ ਹੈ। ਇਸਦੇ ਰਚਨਾ-ਜਗਤ ਦਾ ਸਮਾਂ ਅਤੇ ਕਾਰਜ ਭਾਵੇਂ ਮਹਾਰਾਜਾ ਰਣਜੀਤ ਦੀ ਮੌਤ ਤੋਂ ਬਾਅਦ ਦਾ ਹੈ ਪਰ *'ਪਿੱਠਭੂਮੀ ਵਿਚ ਮਹਾਰਾਜਾ ਰਣਜੀਤ ਸਿੰਘ ਨਿਰੰਤਰ ਮੌਜੂਦ ਰਹਿੰਦਾ ਹੈ।'*[5] ਇਹ ਜੰਗਨਾਮਾ ਸਿੰਘਾਂ ਦੁਆਰਾ ਅੰਗਰੇਜ਼ਾਂ ਨਾਲ ਲੜਾਈ ਦੌਰਾਨ ਵਿਖਾਈ ਬਹਾਦਰੀ ਦੀ ਦਾਸਤਾਨ ਹੈ ਪਰ ਨਾਲ ਹੀ '*ਉਨ੍ਹਾਂ ਦੀ ਨੀਤੀ ਦੀ ਬੇਸਮਝੀ 'ਤੇ ਅਫ਼ਸੋਸ ਭਰਿਆ ਵਿਅੰਗ ਹੈ।*'

ਮਹਾਰਾਜਾ ਰਣਜੀਤ ਸਿੰਘ ਨੇ ਲਗਾਤਾਰ ਹਮਲੇ ਕਰਕੇ ਵਿਕੇਂਦਰਿਤ ਰਿਆਸਤਾਂ ਨੂੰ ਇਕ ਕੇਂਦਰੀ ਵਿਵਸਥਾ ਵਿਚ ਪਰੋ ਕੇ ਆਪਣੇ ਅਧੀਨ ਕਰ ਲਿਆ ਸੀ। ਪ੍ਰਸੰਗ-ਵੱਸ ਜੰਗਨਾਮੇ ਵਿਚੋਂ ਇਹ ਸਤਰ੍ਹਾਂ ਪੜ੍ਹੀਆਂ ਜਾ ਸਕਦੀਆਂ ਹਨ:

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਸ਼ੌਰ ਚੰਬਾ,
ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ਼ ਤੇ ਚੀਨ ਤੋੜੀ,
ਸਿਕਾ ਆਪਣੇ ਨਾਮ ਚਲਾਇ ਗਿਆ।

ਕੇਂਦਰੀ ਸ਼ਾਸਨ ਵਾਲੇ ਇਸ ਰਾਜ ਵਿਚ ਭਾਵੇਂ ਧਾਰਮਕ ਸਦਭਾਵਨਾ ਜ਼ਰੂਰ ਸੀ ਪਰ ਫਿਰ ਵੀ ਰਾਜ-ਸੱਤਾ ਆਮ ਲੋਕਾਈ ਦਾ ਦਿਲ ਨਾ ਜਿੱਤ ਸਕੀ। ਇਹ ਰਾਜ-ਸੱਤਾ ਵੀ ਹੌਲੀ-ਹੌਲੀ ਸਾਮੰਤਵਾਦੀ ਕਦਰਾਂ-ਕੀਮਤਾਂ ਦੀ ਅਨੁਯਾਈ ਹੋ ਜਾਣ ਸਦਕਾ *'ਅਦ੍ਰਿਸ਼ਟ ਪ੍ਰਕਾਰ ਦੇ ਦੀਰਘ ਰੋਗ ਦੀ ਸ਼ਿਕਾਰ'*[7] *ਹੋ ਗਈ, ਜੋ 'ਜਬਰੀ ਨੈਤ੍ਰਿਤਵ ਤੋਂ ਪ੍ਰਭੁਸੱਤਾ ਦਾ ਸਫ਼ਰ ਤੈਹ ਨਹੀਂ ਕਰ ਸਕੀ।'*[8] ਰਾਜ-ਸੱਤਾ ਹਥਿਆ ਲੈਣ ਦੇ ਬਾਵਜੂਦ ਸਿੱਖ ਆਮ ਲੋਕਾਈ ਵਿਚ ਘੱਟ-ਗਿਣਤੀ ਭਾਈਚਾਰੇ ਵਜੋਂ ਹੀ ਮੌਜੂਦ ਸਨ। ਵਿਚਾਰਾਧੀਨ ਜੰਗਨਾਮੇ ਵਿਚ ਕਵੀ ਪੰਜਾਬ ਵਿਚ ਅੰਗਰੇਜ਼ੀ ਬਸਤੀਵਾਦ ਦੇ ਪ੍ਰਵੇਸ਼ ਦਾ ਜ਼ਿਕਰ ਕਰਦਾ ਹੈ ਤਾਂ ਪੰਜਾਬ ਨੂੰ ਹਿੰਦੂ ਤੇ ਮੁਸਲਮਾਨ ਤਬਕੇ ਦਾ ਖੇਤਰ ਐਲਾਨਦਾ ਹੈ। ਮਿਸਾਲ ਵਜੋਂ ਇਹ ਸਤਰ੍ਹਾਂ ਪੇਸ਼ ਹਨ:

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਰਾਜ-ਦਰਬਾਰ ਵਿਚ ਰਾਜ-ਗੱਦੀ ਲਈ ਉਪਰੋਥਲੀ ਕਤਲ ਹੋਏ। ëñÃrÈê ਰਾਜਸੀ ਅਸਥਿਰਤਾ ਫੈਲ ਗਈ। ਇਸ ਸੰਕਟ ਦੇ ਆਧਾਰ-ਬੀਜ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹੀ ਮੌਜੂਦ ਸਨ। ਸਾਮੰਤਵਾਦੀ ਚਰਿਤਰ ਦੇ ਮਾਲਕ ਮਹਾਰਾਜਾ ਰਣਜੀਤ ਸਿੰਘ ਦੇ ਕਈ ਰਾਣੀਆਂ ਸਨ, ਜਿਨ੍ਹਾਂ ਦੀ ਔਲਾਦ ਨੇ ਰਾਜ-ਸੱਤਾ ਹਥਿਆਉਣ ਲਈ ਸਭ ਜ਼ਾਇਜ-ਨਜ਼ਾਇਜ ਹੱਥਕੰਡੇ ਅਪਨਾਏ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਵੇਂ ਧਾਰਮਿਕ ਸਦਭਾਵਨਾ ਵਾਲਾ ਸੀ ਪਰ ਇਸ ਵਿਚ ਭੂਪਵਾਦੀ ਅੰਸ਼ ਪ੍ਰਬਲ ਰੂਪ ਵਿਚ ਵਿਦਮਾਨ ਸਨ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਸਿੱਖ ਫ਼ੌਜ ਕਿਸੇ ਕੂਟਨੀਤੀ ਦੀ ਥਾਂ ਆਪਮੁਹਾਰੀ ਹੋ ਗਈ। ਸਰਦਾਰਾਂ 'ਤੇ ਹਮਲੇ ਕਰਕੇ ਉਨ੍ਹਾਂ ਦੀ ਲੁੱਟ-ਖਸੁੱਟ ਕੀਤੀ ਗਈ। 'ਲੁੱਟ' ਸਿੱਖਾਂ ਦੀ ਇਸ ਰਾਜ-ਸੱਤਾ ਦਾ ਇਕ ਵਿਸ਼ੇਸ਼ ਪਛਾਣ ਚਿੰਨ੍ਹ ਬਣ ਗਿਆ। ਸਿੱਖ ਫ਼ੌਜ ਦੁਆਰਾ ਮਚਾਏ ਕੋਹਰਾਮ ਨੂੰ ਸਮਝਣ ਹਿਤ ਇਨ੍ਹਾਂ ਸਤਰ੍ਹਾਂ 'ਚੋਂ ਗੁਜ਼ਰਨਾ ਲਾਜ਼ਮੀ ਹੈ:

ਸਿੰਘਾਂ ਮਾਰ ਸਰਦਾਰਾਂ ਦਾ ਨਾਸ ਕੀਤਾ,
ਸਭੋ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਫੌਜ ਦੇ ਰਿਹਾ ਨਾ ਕੋਈ ਕੁੰਡਾ,
ਹੋਏ ਸ਼ੁੱਤਰ ਜਿਉਂ ਬਾਝ ਮੁਹਾਰ ਮੀਆਂ।
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ ਹੋਈ ਤਿਆਰ ਮੀਆਂ।

ਸਿੱਖ ਰਾਜ ਸੱਤਾ ਆਪਣੀ ਸਥਾਪਤੀ ਦੇ ਸੰਘਰਸ਼ ਸਮੇਂ ਮੂਲ ਪ੍ਰੇਰਣਾ ਗੁਰਮਤਿ ਤੋਂ ਹੀ ਲੈਂਦੀ ਰਹੀ ਸੀ ਪਰ ਸਥਾਪਤੀ ਉਪਰੰਤ ਉਨ੍ਹੀਵੀਂ ਸਦੀ ਵਿਚ ਇਹ ਲੋਟੂ ਤੇ ਸ਼ੋਸ਼ਕ ਮਾਨਸਿਕਤਾ ਸਦਕਾ ਗੁਰਮਤਿ ਵਿਚਾਰਧਾਰਾ ਤੋਂ ਕਿਨਾਰਾਕਸ਼ੀ ਕਰ ਜਾਂਦੀ ਹੈ। ਸਿੱਖ-ਲਹਿਰ ਨੇ ਪਿਛਾਂਹਖਿੱਚੂ ਕਦਰਾਂ-ਕੀਮਤਾਂ ਦਾ ਵਿਚਾਰਧਾਰਕ ਪੱਧਰ 'ਤੇ ਖੰਡਨ ਕੀਤਾ ਸੀ ਪਰ ਉਕਤ ਰਾਜ-ਸੱਤਾ ਫਿਰ ਬ੍ਰਾਹਮਣਕ ਰੂਪ ਧਾਰਣ ਕਰ ਗਈ। ਸਿਖ-ਫ਼ੌਜ ਜਦ ਅੰਗਰੇਜ਼ਾਂ ਨਾਲ ਜੰਗ ਲਈ ਤਿਆਰੀ ਕਰਦੀ ਹੈ ਤਾਂ ਅਤਿ-ਆਤਮਵਿਸ਼ਵਾਸ ਨਾਲ ਭਰੀ 'ਹੰਕਾਰੀ' ਭਾਵਨਾ ਤੱਕ ਪਹੁੰਚ ਜਾਂਦੀ ਹੈ। ਆਪਣੀ ਸਿਮਰਤੀ 'ਚੋਂ ਖਾਲਸੇ ਦੇ 'ਜੁਝਾਰੂ' ਬਿੰਬ ਨੂੰ ਵਿਚਾਰਧਾਰਕ ਪੱਖੋਂ ਨਹੀਂ ਸਗੋਂ ਭਾਵੁਕ ਤੇ ਉਲਾਰਪਣ ਪੱਖੋਂ ਗ੍ਰਹਿਣ ਕਰਦੀ ਹੈ। 'ਹੰਕਾਰ ਦੀ ਭਾਵਨਾ', 'ਦੌਲਤ ਲੁੱਟਣ' ਤੇ 'ਔਰਤਾਂ ਉਧਾਲਣ' ਦਾ ਮਨੋਰਥ ਕਦੇ ਵੀ ਸਿੱਖ-ਲਹਿਰ ਵਿਚ ਮੌਜੂਦ ਨਹੀਂ ਰਿਹਾ। ਪਰ ਇਸ ਮੁਕਾਮ 'ਤੇ ਸਿੱਖ ਫ਼ੌਜ ਅਜਿਹੇ ਦਾਅਵੇ ਕਰਨਾ ਆਪਣੀ ਪ੍ਰਾਪਤੀ ਸਮਝਦੀ ਹੈ:

– ਜ਼ਬਤ ਕਰਾਂਗੇ ਮਾਲ ਫ਼ਰੰਗੀਆਂ ਦਾ,
ਓਥੋਂ ਲਿਆਵਾਂਗੇ ਦੋਲਤਾਂ ਬੋਰੀਆਂ ਨੀ।
ਪਿਛੋਂ ਵੜਾਂਗੇ ਉਹਨਾਂ ਦੇ ਸਿਤਰ-ਖਾਨੇ,
ਬੰਨ੍ਹ ਲਿਆਵਾਂਗੇ ਉਹਨਾਂ ਦੀਆਂ ਗੋਰੀਆਂ ਨੀ।
– ਚੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧੌਂਸੇ,

ਸਭੇ ਗੱਭਰੂ ਨਾਲ ਹੰਕਾਰ ਤੁਰਦੇ।

ਹੰਕਾਰ ਨਾਲ ਭਰੇ ਇਹ ਸਿੰਘ ਹੋਸ਼ ਦੀ ਥਾਂ ਜੋਸ਼ ਤੋਂ ਕੰਮ ਲੈਂਦੇ ਹਨ ਤੇ ਜੰਗ ਨੂੰ ਮਹਿਜ਼ ਸਰੀਰਕ ਬਲ ’ਤੇ ਹੀ ਜਿੱਤ ਲੈਣ ਦਾ ਭਰਮ ਪਾਲਦੇ ਹਨ। ਅੰਗਰੇਜ਼ੀ ਫ਼ੌਜ ਦੇ ਮੁਕਾਬਲਤਨ ਬੇਹੱਦ ਕਮਜ਼ੋਰ ਯੁੱਧ ਨੀਤੀ ਘੜ੍ਹਦੇ ਹਨ। ਇਕ ਸਮੇਂ ਤਾਂ ਅਜਿਹਾ ਲੱਗਦਾ ਹੈ ਕਿ ਉਨ੍ਹਾਂ ਦੀ ਕੋਈ ਯੁੱਧ ਨੀਤੀ ਹੀ ਨਹੀਂ ਸੀ। ਇਹ ਵੀ ਸੱਚ ਹੈ ਕਿ ਉਨ੍ਹਾਂ ਨੂੰ ਫ਼ਰੰਗੀ ਫ਼ੌਜ ਦੇ ਨਾਲ-ਨਾਲ ਰਾਜ ਦਰਬਾਰ ਦੇ ਦੋਹਰੇ ਕਿਰਦਾਰ ਨਾਲ ਜੂਝਣਾ ਪੈ ਰਿਹਾ ਸੀ। ਮਿਸਾਲ ਵਜੋਂ ਰਾਣੀ ਜਿੰਦਾ ਦੁਆਰਾ ਅੰਗਰੇਜ਼ਾਂ ਨੂੰ ਸੰਬੋਧਿਤ ਇਨ੍ਹਾਂ ਸਤਰਾਂ ਨੂੰ ਵਾਚਿਆ ਜਾ ਸਕਦਾ ਹੈ:

– ਤੇਰੇ ਵਲ ਮੈਂ ਫ਼ੌਜ ਨੂੰ ਘਲਣੀ ਆਂ,
ਖੱਟੇ ਕਰੀ ਤੂੰ ਇਨ੍ਹਾਂ ਦੇ ਦੰਦ ਵਾਰੀ।
ਜਿਹੜਾ ਜ਼ੋਰ ਤੂੰ ਆਪਣਾ ਸਭ ਲਾਵੀਂ,
ਪਿੱਛੇ ਖਰਚ ਮੈਂ ਕਰਾਂਗੀ ਬੰਦ ਵਾਰੀ।

– ਸੋਈ ਲੜਨਗੇ ਹੋਣ ਬੇਖ਼ਬਰ ਜਿਹੜੇ,
ਮੱਥਾ ਕਦੀ ਸਰਦਾਰ ਨਾ ਡਾਹਵਣੀਗੇ।

ਉਪਰੋਕਤ ਵਿਪਰੀਤ ਸਥਿਤੀਆਂ ਦੇ ਬਾਵਜੂਦ ਸਿੱਖ-ਫ਼ੌਜ ਬੜੀ ਬਹਾਦਰੀ ਦਿਖਾਉਂਦੀ ਹੈ। ਸ਼ਾਮ ਸਿੰਘ ਅਟਾਰੀਵਾਲਾ ਵਰਗਾ ਬਜ਼ੁਰਗ ਵੀ ਨਿਧੜਕ ਹੋ ਕੇ ਜੂਝਦਾ-ਲੜਦਾ ਹੈ। ਸਿੱਖ ਫ਼ੌਜ ਦੀ ਇਸ ਭਾਵਨਾ ਤੋਂ ਅੰਗਰੇਜ਼ੀ ਅਫ਼ਸਰ ਵੀ ਖੌਫ਼ਜਦਾ ਤੇ ਹੈਰਾਨ ਸਨ। ਉਸ ਸਮੇਂ ਦੀ ਅੰਗਰੇਜ਼ੀ ਫ਼ੌਜ ਦਾ ਕਮਾਂਡਰ-ਇਨ-ਚੀਫ਼ ਲਾਰਡ ਗੱਫ਼ ਇਕ ਥਾਂ ਲਿਖਦਾ ਹੈ ਕਿ *‘ਇਸ ਸਮੇਂ ਦੇ ਆਗੂ ਗ਼ੱਦਾਰ ਅਤੇ ਧੋਖੇਬਾਜ਼ ਸਾਬਤ ਨਾ ਹੁੰਦੇ ਤਾਂ ਮੈਨੂੰ ਵਿਸ਼ਵਾਸ ਹੈ ਕਿ ਪੰਜਾਬ ਦੇ ਜੰਗਾਂ ਦਾ ਸਿੱਟਾ ਕੁਝ ਹੋਰ ਹੀ ਹੁੰਦਾ।’*[9] ਬਹਾਦਰ ਹੋਣ ਦੇ ਬਾਵਜੂਦ ਸੁਚੱਜੀ ਯੁੱਧ-ਨੀਤੀ ਦੀ ਅਣਹੋਂਦ ਕਾਰਣ ਸਿੱਖ-ਫ਼ੌਜ ਯੁੱਧ ਦੇ ਮੈਦਾਨ ਵਿਚ ਕਮਜ਼ੋਰ ਪੈਣ ਲੱਗ ਪੈਂਦੀ ਹੈ। ਅਜਿਹੇ ਸਮੇਂ ਕੀਤੇ ਗੁਰਮਤੇ ਤੋਂ ਬਾਅਦ ਲਏ ਫੈਸਲੇ ’ਚੋਂ ਵੀ ਕਿਸੇ ਪ੍ਰਕਾਰ ਦੀ ਦੂਰ-ਦ੍ਰਿਸ਼ਟੀ ਦੇ ਦਰਸ਼ਨ ਨਹੀਂ ਹੁੰਦੇ :

ਪਿੱਛੇ ਬੈਠ ਕੇ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
..ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੀ ਰਾਜ ਨਾ ਹੋਇ ਮੁਥਾਜ ਯਾਰੋ।

ਇਸ ਸਿੱਖ ਫ਼ੌਜ ਦੀ ਵਿਰਾਸਤ ਵਿਚ ਵਿਚਾਰਵਾਨ ਤੇ ਜੁਝਾਰੂ ਸਿੱਖ ਫ਼ੌਜ ਦਾ ਆਦਰਸ਼ ਪਿਆ ਸੀ ਪਰ ਇਹ ਫ਼ੌਜ ਮੁਸ਼ਕਿਲ ਪੈਂਡਿਆਂ ’ਤੇ ‘ਸਵਾ ਲੱਖ’ ਦੇ ਸੰਕਲਪ ਨੂੰ ਵਿਹਾਰ ’ਚ ਬਦਲਣ ਦੀ ਥਾਂ ਲੜਾਈ ਦੇ ਮੈਦਾਨ ’ਚ ਆਉਣ ਦੇ ਫੈਸਲੇ ਨੂੰ ਕੋਸਦੀ ਹੈ:

ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਫੇਰ ਨਾ ਰੱਬ ਲਿਆਵੇ,
ਵਿਚ ਜੰਗ ਦੇ ਨਾਲ ਫ਼ਰੰਗੀਆਂ ਦੇ।

ਆਮ ਲੋਕਾਈ ਵੀ ਜੰਗ ਦੇ ਸਮੁੱਚੇ ਘਟਨਾਕ੍ਰਮ ਪ੍ਰਤਿ ਉਦਾਸੀਨਤਾ ਵਿਖਾਉਂਦੀ ਹੈ। ਇਸਦਾ ਕਾਰਣ ਰਾਜ-ਸੱਤਾ ਵਿਚ ਸਾਧਾਰਨ ਲੋਕਾਈ ਦੀ ਰਾਜਸੀ ਭਾਗੇਦਾਰੀ ਨਾ ਹੋਣਾ ਤੇ ਗੁਰਮਤਿ ਵਿਚਾਰਧਾਰਾ ਦੇ ਲੋਕ-ਹਿਤੂ ਖ਼ਾਸੇ ਦਾ ਅਭਾਵ ਹੋਣਾ ਹੈ। ਸੋ ਸਿੱਖ ਫ਼ੌਜ ਆਮ ਲੋਕਾਈ ਤੋਂ ਆਪਣੇ ਪ੍ਰਤਿ ਕੋਈ ਸ਼ਰਧਾਮਈ ਭਾਵਨਾ ਤਾਂ ਦੂਰ, ਤਰਸਜਨਕ ਸਮਰਥਨ ਵੀ ਨਾ ਜੁਟਾ ਸਕੀ, ਸਗੋਂ ਆਮ ਲੋਕਾਈ ਦੇ ਰਵੱਈਏ ’ਚੋਂ ਵਿਅੰਗ ਦੀ ਸੁਰ ਉਭਰਦੀ ਹੈ:

ਸ਼ਾਹ ਮੁਹੰਮਦ ਕਹਿੰਦੇ ਨੇ ਲੋਕ ਸਿੰਘ ਜੀ,
ਤੁਸੀਂ ਚੰਗੀਆਂ ਪੂਰੀਆਂ ਪਾ ਆਏ।

ਰਾਜ-ਦਰਬਾਰ ਦੇ ਦੋਹਰੇ ਕਿਰਦਾਰ ਸਦਕਾ ਬਹਾਦਰੀ ਨਾਲ ਲੜੀ ਸਿੱਖ ਫ਼ੌਜ ਅੰਤ ’ਤੇ ਹਾਰ ਜਾਂਦੀ ਹੈ। ਸ਼ਾਹ ਮੁਹੰਮਦ ਇਸ ਸਮੇਂ ‘ਇਕ ਸਰਕਾਰ ਬਾਝੋਂ’ ਦੀ ਸੁਰ ਅਲਾਪਦਾ ਹੈ। ਇਹ ਸੁਰ ਇਕ ਪਾਸੇ ਤਾਂ ਮਹਾਰਾਜਾ ਰਣਜੀਤ ਸਿੰਘ

ਦੀ ਯੋਗ ਅਗਵਾਈ ਦੀ ਅਣਹੋਂਦ ਵੱਲ ਸੰਕੇਤ ਕਰਦੀ ਹੈ ਤੇ ਦੂਜੇ ਪਾਸੇ ਰਾਣੀ ਜਿੰਦਾ ਦੀ ਕਾਰਗੁਜ਼ਾਰੀ ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਸ਼ੁਰੂ ਤੋਂ ਹੀ ਰਾਣੀ ਜਿੰਦਾਂ ਦੀ ਦੋਹਰੀ ਭੂਮਿਕਾ ਸਿੱਖ-ਫ਼ੌਜ ਲਈ ਘਾਤਕ ਰਹੀ ਸੀ। ਉਹ ਇਸ ਨੂੰ ਹਰਾਉਣ ਲਈ ਅੰਗਰੇਜ਼ਾਂ ਅੱਗੇ ਵਾਰ-ਵਾਰ ਗੁਹਾਰ ਪਾਉਂਦੀ ਰਹੀ :

ਰਹਿੰਦੀ ਫੌਜ ਦਾ ਕਰੋ ਇਲਾਜ ਕੋਈ,
ਕਾਬੂ ਤੁਸਾਂ ਬਗੈਰ ਨਾ ਆਵਣੀ ਜੀ।

ਸ਼ਾਹ ਮੁਹੰਮਦ ਹਾਰ ਦੀ ਸਾਰੀ ਜਿੰਮੇਵਾਰੀ ਰਾਣੀ ਜਿੰਦਾਂ ’ਤੇ ਥੋਪ ਦਿੰਦਾ ਹੈ। ਉਸਦੇ ਇਸ ਉਚਾਰ ਵਿਚ ਆਮ ਲੋਕਾਈ ਦੇ ਨਾਲ-ਨਾਲ ਹਾਰੀ ਹੋਈ ਸਿੱਖ-ਫ਼ੌਜ ਦਾ ਉਚਾਰ ਵੀ ਸ਼ਾਮਿਲ ਹੋ ਜਾਂਦਾ ਹੈ:

- ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਤੋੜ ਲੁਟਿਆ ਮੁਲਕ ਉਜਾੜਿਆਂ ਨੇ।
- ਸ਼ਾਹ ਮੁਹੰਮਦਾ ਏਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿੱਤਾ।

ਨਿਰਸੰਦੇਹ ਰਾਣੀ ਜਿੰਦਾਂ ਦੀ ਮਾਰੂ ਭੂਮਿਕਾ ਸਿੰਘਾਂ ਦੀ ਹਾਰ ਦਾ ਮੁੱਖ ਕਾਰਣ ਬਣੀ। ਸਿੱਖ ਫ਼ੌਜ ਦੁਆਰਾ ਰਾਣੀ ਜਿੰਦਾਂ ਦੇ ਦੋਹਰੇ ਤੇ ਮਾਰੂ ਕਿਰਦਾਰ ਨੂੰ ਹਾਰ ਲਈ ਦੋਸ਼ੀ ਮੰਨਣਾ ਵੀ ਜ਼ਾਇਜ਼ ਹੈ। ਪਰ ਇਹ ਦੋਸ਼ ਜਦ ‘ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ’ ਤੱਕ ਪਹੁੰਚ ਜਾਂਦਾ ਹੈ ਤਾਂ ਇਥੇ ਸ਼ਾਹ ਮੁਹੰਮਦ ਸਮੇਤ ਸਿੱਖ ਫ਼ੌਜ ਦੀ ਸਾਮੰਤਵਾਦੀ ਦ੍ਰਿਸ਼ਟੀ ਪ੍ਰਗਟ ਹੁੰਦੀ ਹੈ। ਸਿੱਖ-ਲਹਿਰ ਦੇ ਸਮੁੱਚੇ ਇਤਿਹਾਸ ਵਿਚ ਮੁੱਢ ਤੋਂ ਹੀ ਔਰਤ ਪ੍ਰਤਿ ਅਜਿਹੀ ਪਿਛਾਂਹਖਿਚੂ ਸੋਚ ਦਾ ਵਿਰੋਧ ਹੀ ਹੋਇਆ ਮਿਲਦਾ ਹੈ। ਸਿੱਖ ਫ਼ੌਜ ਦੁਆਰਾ ਰਾਣੀ ਜਿੰਦਾਂ ਨੂੰ ਇਕ ਧੋਖੇਬਾਜ਼ ਸ਼ਾਸਕ ਮੰਨਣਾ ਤਾਂ ਕਿਤੇ ਜਾਇਜ਼ ਪ੍ਰਤੀਤ ਹੁੰਦਾ ਹੈ ਪਰ ਇਸਤਰੀ ਜਾਤ ਪ੍ਰਤਿ ਨਿੰਦਾਜਨਕ ਵਿਵਹਾਰ ਉਸਦੀ ਵਿਰਾਸਤੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦਾ। ਅੰਗਰੇਜ਼ਾਂ ਖਿਲਾਫ਼ ਲੜੀ ਇਸ ਫ਼ੌਜ ਦਾ ਔਰਤ ਪ੍ਰਤਿ ਅਜਿਹਾ ਰਵੱਈਆ ਉਸਦੇ ਆਪਣੀ ਪਰੰਪਰਕ ਸਿੱਖ-ਲਹਿਰ ਨਾਲੋਂ ਵਿਛੁੰਨੇ ਹੋਣ ਦਾ ਇਕ ਹੋਰ ਪ੍ਰਮਾਣ ਹੈ।

ਅੰਗਰੇਜ਼ਾਂ ਹੱਥੋਂ ਸਿੰਘਾਂ ਦੀ ਹੋਈ ਹਾਰ ਲਈ ਜਿੱਥੇ ਰਾਜ-ਦਰਬਾਰ ਦਾ ਦੋਹਰਾ ਕਿਰਦਾਰ, ਡੋਗਰਾਗਰਦੀ ਤੇ ਅੰਗਰੇਜ਼ਾਂ ਦੀ ਸੁਯੋਗ ਯੁੱਧ ਨੀਤੀ ਜ਼ਿਮੇਵਾਰ ਕਾਰਕ ਸਨ, ਉਥੇ ਸਿੱਖ ਫ਼ੌਜ ਦੁਆਰਾ ਵਿਚਾਰਧਾਰਕ ਪੱਖੋਂ ਸਿੱਖ-ਲਹਿਰ ਤੋਂ ਸੇਧ ਨਾ ਲੈਣਾ ਵੀ ਹਾਰ ਲਈ ਅਹਿਮ ਭੂਮਿਕਾ ਨਿਭਾਉਂਦਾ ਹੈ। ਸਿੱਖ ਲਹਿਰ ਬ੍ਰਾਹਮਣਵਾਦ ਤੇ ਸਾਮੰਤਵਾਦੀ ਕਦਰਾਂ-ਕੀਮਤਾਂ ਖਿਲਾਫ਼ ਵਿਚਾਰਧਾਰਕ ਵਿਦਰੋਹ ਸੀ। ਇਸਦੇ ਉਲਟ ਮਹਾਰਾਜਾ ਰਣਜੀਤ ਦੀ ਰਾਜ-ਸੱਤਾ ਸਥਾਪਤੀ ਤੋਂ ਲੈ ਕੇ ਵਿਗਠਨ ਤੱਕ ਮੁੜ ਤੋਂ ਭੂਪਵਾਦੀ ਤੇ ਜਗੀਰਦਾਰੀ ਵਿਵਸਥਾ ਵੱਲ ਵਧ ਗਈ ਸੀ। ਸਿੱਖ-ਲਹਿਰ ਵਿਚ ਹਮੇਸ਼ਾ ਹੀ ‘ਲੁੱਟ’, ‘ਹੰਕਾਰ’, ‘ਜ਼ਬਰ’ ਤੇ ‘ਉਧਾਲਾ’ ਵਰਗੀਆਂ ਰੁਚੀਆਂ ਦਾ ਵਿਰੋਧ ਹੋਇਆ ਹੈ ਪਰ ਹੱਥਲੇ ਜੰਗਨਾਮੇ ਵਿਚਲੀ ਫ਼ੌਜ ਇਨ੍ਹਾਂ ਨੂੰ ਇਕ ਪ੍ਰਾਪਤੀ ਵਾਂਗ ਮੰਨਦੀ ਹੈ। ‘ਜੰਗਨਾਮਾ ਸਿੰਘਾਂ ਤੇ ਫ਼ਰੰਗੀਆਂ’ ਵਿਚ ਪੇਸ਼ ਸਿੱਖ ਫ਼ੌਜ ਬਹਾਦਰ ਜ਼ਰੂਰ ਹੈ ਪਰ ਆਪਣੀ ਵਿਰਾਸਤ ’ਚ ਪਈ ਸਿੱਖ-ਲਹਿਰ ਤੋਂ ਵਿਚਾਰਧਾਰਕ ਪੱਖੋਂ ਕੋਈ ਸੇਧ ਲੈਂਦੀ ਪ੍ਰਤੀਤ ਨਹੀਂ ਹੁੰਦੀ।

**ਹਵਾਲੇ**


1. ਡਾ. ਗੰਡਾ ਸਿੰਘ, ਹਵਾਲਾ, ਡਾ. ਹਰਿਭਜਨ ਸਿੰਘ ਭਾਟੀਆ, ‘ਸ਼ਾਹ ਮੁਹੰਮਦ ਦੀ ਰਚਨਾ *ਜੰਗ ਹਿੰਦ-ਪੰਜਾਬ* ਦੀ ਵਿਲੱਖਣਤਾ’, **ਕਾਵਿ ਲੋਕ**, ਜਲੰਧਰ, ਜੁਲਾਈ-ਸਤੰਬਰ 2007, ਪੰਨਾ 39
2. ਡਾ. ਤੇਜਵੰਤ ਸਿੰਘ ਗਿੱਲ, ‘ਵਿਸ਼ਵੀਕਰਨ ਤੇ ਪੰਜਾਬ’, **ਖੋਜ-ਪੱਤ੍ਰਿਕਾ**, ਪਟਿਆਲਾ, ਅੰਕ 56, ਸਤੰਬਰ 2002,ਪੰਨਾ 11
3. ਉਹੀ,
4. ਪ੍ਰੋ. ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ ਗਿਆਨੀ (ਸੰਪਾ.), **ਹਿੰਦ ਪੰਜਾਬ ਦਾ ਜੰਗ**, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਛੇਵਾਂ ਸੰਸਕਰਣ, 2007, ਪੰਨਾ 75
5. ਡਾ. ਹਰਿਭਜਨ ਸਿੰਘ, ਹਵਾਲਾ, ਡਾ. ਹਰਿਭਜਨ ਸਿੰਘ ਭਾਟੀਆ, ਪੰਨਾ 43

6. ਸੰਤ ਸਿੰਘ ਸੇਖੋਂ, ਹਵਾਲਾ, ਡਾ. ਹਰਿਭਜਨ ਸਿੰਘ ਭਾਟੀਆ, ਪੰਨਾ 39
7. ਡਾ. ਤੇਜਵੰਤ ਸਿੰਘ ਗਿੱਲ, **ਪੰਜਾਬੀ ਸਭਿਆਚਾਰ, ਭਾਸ਼ਾ ਅਤੇ ਸਾਹਿਤ : ਪੁਨਰ ਮੁਲਾਂਕਣ**, (ਸੰਪਾ.) ਡਾ. ਜਤਿੰਦਰ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009, ਪੰਨਾ 138
8. ਉਹੀ,
9. ਲਾਰਡ ਗੱਫ਼, ਹਵਾਲਾ, ਪ੍ਰੋ. ਸੀਤਾ ਰਾਮ ਕੋਹਲੀ ਤੇ ਪ੍ਰੋ. ਸੇਵਾ ਸਿੰਘ ਗਿਆਨੀ, ਪੰਨਾ 63

# ਪੰਜਾਬੀ ਨਾਟਕ ਅਤੇ ਮੀਡੀਆ : ਇਕ ਅਧਿਐਨ

**ਪ੍ਰੋ. ਬਲਬੀਰ ਕੌਰ ਰੀਹਲ**

ਸਹਾਇਕ ਪ੍ਰੋਫੈਸਰ

ਐਸ. ਜੀ. ਜੀ . ਐਸ ਖਾਲਸਾ ਕਾਲਜ,

ਮਾਹਿਲਪੁਰ(ਹੁਸ਼ਿਆਰਪੁਰ)

## *ਐਬਸਟ੍ਰੈਕਟ*

*ਮੀਡੀਏ ਨੇ ਸੰਸਾਰ ਨੂੰ ਇਕ ਵਿਸ਼ਵ ਪਿੰਡ ਬਣਾ ਦਿੱਤਾ ਹੈ। ਪਹਿਲਾਂ ਪਹਿਲ ਲੋਕਾਂ ਕੋਲ ਬਹੁਤ ਵਿਹਲ ਸੀ ਸਮੇਂ ਦੇ ਬਦਲਣ ਨਾਲ ਵਿਹਲ ਖਤਮ ਹੋ ਰਹੀ ਹੈ। ਮੀਡੀਆ ਮਨੁੱਖੀ ਜ਼ਿੰਦਗੀ ਉਤੇ ਚੌਖਾ ਪ੍ਰਭਾਵ ਪਾ ਰਿਹਾ ਹੈ। ਭਾਂਵੇਂ ਉਹ ਸਾਹਿਤ ਦਾ ਕੋਈ ਵੀ ਰੂਪ ਕਿਉਂ ਨਾ ਹੋਵੇ ਮੀਡੀਏ ਨੇ ਹਰ ਸਾਹਿਤ ਰੂਪ ਨੂੰ ਪ੍ਰਭਾਵਿਤ ਕੀਤਾ ਹੈ। ਮੀਡੀਏ ਨੇ ਪੰਜਾਬੀ ਨਾਟਕ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਿਆ ਹੈ। ਪਹਿਲਾਂ ਪਹਿਲ ਪੰਜਾਬੀ ਨਾਟਕ ਰੇਡੀਓ ਦੇ ਜ਼ਰੀਏ ਲੋਕਾਂ ਤੱਕ ਪਹੁੰਚ ਰਹੇ ਸਨ । ਫਿਰ ਭਾਰਤ ਵਿਚ ਟੀ ਵੀ ਦਾ ਪ੍ਰਵੇਸ਼ ਹੋਇਆ। ਪੰਜਾਬੀ ਭਾਸ਼ਾ ਨੂੰ ਪ੍ਰਸਾਰਤ ਕਰਨ ਵਾਲਾ ਪਹਿਲਾਂ ਟੀ ਵੀ ਸਟੇਸ਼ਨ ਦੂਰਦਰਸ਼ਨ ਕੇਂਦਰ ਜਲੰਧਰ ਹੈ। ਜਲੰਧਰ ਦੂਰਦਰਸ਼ਨ ਨੇ ਪਾਠਕਾਂ ਦੇ ਵਰਗ ਨੂੰ ਵੇਖਦਿਆਂ ਪੰਜਾਬੀ ਨਾਟਕਾਂ ਦਾ ਪ੍ਰਸਾਰਣ ਆਰੰਭ ਕਰ ਦਿੱਤਾ।*

ਮੀਡੀਏ ਨੇ ਸੰਸਾਰ ਨੂੰ ਇਕ ਵਿਸ਼ਵ ਪਿੰਡ ਬਣਾ ਦਿੱਤਾ ਹੈ। ਪਹਿਲਾਂ ਪਹਿਲ ਲੋਕਾਂ ਕੋਲ ਬਹੁਤ ਵਿਹਲ ਸੀ ਸਮੇਂ ਦੇ ਬਦਲਣ ਨਾਲ ਵਿਹਲ ਖਤਮ ਹੋ ਰਹੀ ਹੈ। ਮੀਡੀਆ ਮਨੁੱਖੀ ਜ਼ਿੰਦਗੀ ਉਤੇ ਚੌਖਾ ਪ੍ਰਭਾਵ ਪਾ ਰਿਹਾ ਹੈ। ਭਾਂਵੇਂ ਉਹ ਸਾਹਿਤ ਦਾ ਕੋਈ ਵੀ ਰੂਪ ਕਿਉਂ ਨਾ ਹੋਵੇ ਮੀਡੀਏ ਨੇ ਹਰ ਸਾਹਿਤ ਰੂਪ ਨੂੰ ਪ੍ਰਭਾਵਿਤ ਕੀਤਾ ਹੈ।

ਮੀਡੀਏ ਨੇ ਪੰਜਾਬੀ ਨਾਟਕ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਿਆ ਹੈ। ਪਹਿਲਾਂ ਪਹਿਲ ਪੰਜਾਬੀ ਨਾਟਕ ਰੇਡੀਓ ਦੇ ਜ਼ਰੀਏ ਲੋਕਾਂ ਤੱਕ ਪਹੁੰਚ ਰਹੇ ਸਨ । ਫਿਰ ਭਾਰਤ ਵਿਚ ਟੀ ਵੀ ਦਾ ਪ੍ਰਵੇਸ਼ ਹੋਇਆ। ਪੰਜਾਬੀ ਭਾਸ਼ਾ ਨੂੰ ਪ੍ਰਸਾਰਤ ਕਰਨ ਵਾਲਾ ਪਹਿਲਾਂ ਟੀ ਵੀ ਸਟੇਸ਼ਨ ਦੂਰਦਰਸ਼ਨ ਕੇਂਦਰ ਜਲੰਧਰ ਹੈ। ਜਲੰਧਰ ਦੂਰਦਰਸ਼ਨ ਨੇ ਪਾਠਕਾਂ ਦੇ ਵਰਗ ਨੂੰ ਵੇਖਦਿਆਂ ਪੰਜਾਬੀ ਨਾਟਕਾਂ ਦਾ ਪ੍ਰਸਾਰਣ ਆਰੰਭ ਕਰ ਦਿੱਤਾ।

ਰੇਡੀਓ ਅਤੇ ਟੀ ਵੀ ਨੇ ਸੰਚਾਰ ਮੀਡੀਏ ਦੇ ਜ਼ਰੀਏ ਪੰਜਾਬੀ ਨਾਟਕ ਦਰਸ਼ਕਾਂ ਤੱਕ ਪਹੁੰਚਾ ਕੇ ਨਾਟਕ ਨੂੰ ਵੱਧ ਲੋਕਾਂ ਤੱਕ ਪਹੁੰਚਾਇਆ ਹੈ। ਇਕ ਸਮਾਂ ਸੀ ਜਦੋਂ ਟੀ ਵੀ ਨੂੰ ਈਡੀਅਟ ਬਾਕਸ ਕਿਹਾ ਜਾਂਦਾ ਸੀ। 1984 ,85 ਤੇ 86 ਵਿਚ ਚੰਡੀਗੜ੍ਹ ਵਿਖੇ ਦੂਰਦਰਸ਼ਨ ਮੇਲਾ ਕਰਵਾਇਆ ਗਿਆ। " ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਬਹੁਤ ਸਮਾਂ ਪਹਿਲਾਂ ਟੀ ਵੀ ਨਾਟਕ ਸਬੰਧੀ ਅੰਗ੍ਰੇਜ਼ੀ ਵਿਚ ਪ੍ਰਕਾਸ਼ਤ ਕੀਤੇ ਗਏ ਕਿਤਾਬਚੇ ਟੀ ਵੀ ਡਰਾਮਾ ਐਂਡ ਉਵਰਵਿਊ ਅਨੁਸਾਰ ਪਹਿਲੀ ਸੰਗੀਤਕ ਨਾਟਕੀ ਪੇਸ਼ਕਾਰੀ ਦਾ ਅੰਮ੍ਰਿਤਸਰ ਤੋਂ 23 ਸਤੰਬਰ 1973 ਨੂੰ ਇਸਦੇ ਉਦਘਾਟਨੀ ਸਮਾਰੋਹ ਮੌਕੇ ਸਿੱਧਾ ਪ੍ਰਸਾਰਣ ਕੀਤਾ ਗਿਆ। ਇਸ ਉਪਰੰਤ ਦਿੱਲੀ ਤੋਂ ਨਾਟਕ ਤਿਆਰ ਕਰਕੇ ਅੰਮ੍ਰਿਤਸਰ ਤੋਂ ਪ੍ਰਸਾਰਤ ਕੀਤੇ ਜਾਂਦੇ ਰਹੇ ਹਨ। ਇਹਨਾਂ ਵਿਚੋਂ ਬਹੁਤੇ ਨਾਟਕ ਦਿੱਲੀ ਵਿਚ ਪੰਜਾਬੀ ਦੀਆਂ ਵੱਖ- ਵੱਖ ਨਾਟ ਮੰਡਲੀਆਂ ਦੀ ਪੇਸ਼ਕਸ਼ ਹੁੰਦੀ ਸੀ। " 1

ਦੂਰਦਰਸ਼ਨ ਕੇਂਦਰ ਜਲੰਧਰ ਨੇ ਹਿੰਦੀ ਲੜੀਵਾਰ, ਲੰਮੇ ਨਾਟਕ ਤੇ ਟੈਲੀ ਫਿਲਮਾਂ ਬਣਾਉਣੀਆਂ ਅਰੰਭ ਕੀਤੀਆਂ , ਦਰਸ਼ਕਾਂ ਦੀ ਮੰਗ ਤੇ ਟਾਟਕਾਂ ਦੀ ਸ਼ੂਟਿੰਗ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਬਾਹਰ ਕੀਤੀ ਜਾਣ ਲੱਗੀ। ਇਸ ਕੇਂਦਰ ਵਿਚ ਮੋਹ ਜਾਲ ਨਾਟਕ ਪਹਿਲੀ ਵਾਰੀ ਚਾਰ ਕਿਸ਼ਤਾਂ ਵਿਚ ਪ੍ਰਸਾਰਤ ਕਰਕੇ ਪੇਂਡੂ ਜ਼ੀਵਨ ਦੀ ਤਸਵੀਰ ਪੇਸ਼ ਕੀਤੀ ਗਈ।

ਨਾਟਕ ਅਸਲ ਜ਼ਿੰਦਗੀ ਤੇ ਨਹੀਂ ਹੈ, ਪਰ ਜਿੰਦਗੀ ਦੀ ਨਕਲ ਜ਼ਰੂਰ ਹੈ। ਨਾਟਕ ਅਤੇ ਰੰਗ ਮੰਚ ਦਾ ਗੂੜ੍ਹਾ ਰਿਸ਼ਤਾ ਹੈ। ਰੰਗ ਮੰਚ ਦੀ ਜਗ੍ਹਾ ਜਿਥੇ ਲੋਕਾਂ ਦਾ ਇਕੱਠ ਹੁੰਦਾ ਸੀ , ਸਮੇਂ , ਸਥਾਨ ਤੇ ਕਾਰਜ ਦੀ ਏਕਤਾ ਦਾ ਖਿਆਲ ਰੱਖਿਆ ਜਾਂਦਾ ਸੀ ਉਥੇ ਮੀਡੀਏ ਨੇ ਸਮੇਂ , ਸਥਾਨ ਅਤੇ ਕਾਰਜ ਦੀ ਏਕਤਾ ਦੀ ਸਮੱਸਿਆ ਨੂੰ ਖਤਮ ਕਰ ਦਿੱਤਾ।

ਨਾਟਕ ਸ਼ਬਦ ਦਾ ਨਿਕਾਸ ਅਤੇ ਪ੍ਰਯਾਇ " ਇੰਦਰੀਆਂ ਦੀ ਖਿੱਚ ਦੇ ਅਧਾਰ ਤੇ ਕਾਵਿ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ।

01 ਸ੍ਰਵਯ ਅਤੇ 02 ਦ੍ਰਿਸ਼ਯ। ਸ੍ਰਵਯ ਕਾਵਿ ਕੇਵਲ ਪੜ੍ਹਿਆ ਤੇ ਸੁਣਿਆ ਜਾ ਸਕਦਾ ਹੈ। ਪਰ ਨਾਇਕਾ ਦੇ ਸਰੀਰਕ ਅੰਗਾਂ ਦੇ ਹਿਲਾਉਣ , ਭਾਵ ਮੁਦਰਾਵਾਂ ਅਤੇ ਉਚਾਰਣ ਦੀ ਮੁਹਿਮਾ ਰਾਹੀਂ ਪ੍ਰਤੱਖ ਰੂਪ ਵਿਚ ਡਿੱਠਣ ਯੋਗ ਹੋਵੇ ਕਾਰਨ ਕਾਵਿ ਦੀ ਇਹੋ ਰਸਮਈ ਵਿਧਾ ਦ੍ਰਿਸ਼ਯ ਕਾਵਿ ਦਾ ਰੂਪ ਧਾਰਨ ਕਰ ਲੈਂਦੀ ਹੈ।

ਦ੍ਰਿਸ਼ (ਦ੍ਰਿਸ਼ਯ) ਕਾਵਿ ਲਈ ਪ੍ਰਭਾਸ਼ਿਕ ਸ਼ਬਦ ' ਰੂਪਕ ' ਅਤੇ ' ਨਾਟਯ ' ( =ਨਾਟਕ ) ਹਨ। ਇਹਨਾਂ ਨੂੰ ਅੰਗ੍ਰੇਜ਼ੀ ਸ਼ਬਦ drama ਜਾਂ play ਦਾ ਪ੍ਰਯਾਇ ਆਖਿਆ ਜਾ ਸਕਦਾ ਹੈ। ਰੂਪਕ ਸ਼ਬਦ ਦਾ ਨਿਕਾਸ ' ਰੂਪ ' ਧਾਤੂ ਵਿਚ ' ਣਵੁਲ' (=ਅ ਕ ) ਪ੍ਰਤਯਯ ਜੋੜਨ ਵਾਲਾ ਹੋਇਆ ਹੈ। ਭਾਵੇਂ ਭਾਰਤੀ ਨਾਟਕ ਦੇ ਮੋਢੀ ਭਰਤ ਮੁਨੀ ਨੇ ਆਪਣੇ ਗ੍ਰੰਥ ਦਾ ਨਾਂ 'ਨਾਟਯ ਸ਼ਾਸ਼ਤਰ ' ਧਰਿਆ , ਪਰ ਉਸਨੇ ਇਸ ਗ੍ਰੰਥ ਵਿਚ ਕਈ ਥਾਵਾਂ ਤੇ 'ਦਸ਼ ਰੂਪ' ਸ਼ਬਦ ਦੀ ਵਰਤੋਂ ' ਨਾਟਯ ' (ਨਾਟਕ) ਦੀਆਂ 10 ਵਿਧਾਵਾਂ ਦੇ ਅਰਥ ਵਿਚ ਕੀਤੀ ਹੈ। " 2

## ਪੰਜਾਬੀ ਨਾਟਕ ਦਾ ਇਤਿਹਾਸ

" ਭਾਵੇਂ ਭਾਰਤੀ ਨਾਟਕ ਦਾ ਇਤਿਹਾਸ ਕਾਫੀ ਵਿਸਤ੍ਰਿਤ ਹੈ ਪਰ ਪੰਜਾਬੀ ਨਾਟਕ ਦਾ ਇਤਿਹਾਸ ਬਹੁਤਾ ਲੰਮਾ ਨਹੀਂ ਹੈ। ਫਿਰ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾਟਕ ਅਤੇ ਰੰਗ ਮੰਚ ਦਾ ਵਿਸ਼ੇਸ਼ ਯੋਗਦਾਨ ਹੈ। ਇਸਦਾ ਕਾਰਨ ਇਹ ਹੈ ਕਿ ਇਸ ਵਿਧਾ ਰਾਹੀਂ ਸਮਾਜਿਕ , ਸੱਭਿਆਚਾਰਕ , ਇਤਿਹਾਸਿਕ , ਮਿਥਿਹਾਸਿਕ ਅਤੇ ਅਧੁਨਿਕ ਕਦਰਾਂ -ਕੀਮਤਾਂ ਦਾ ਮੁਲਾਂਕਣ ਜਿਸ ਪੱਧਰ ਤੇ ਕੀਤਾ ਗਿਆ ਮਿਲਦਾ ਹੈ ਉਸਦਾ ਸਾਨੀ ਕੋਈ ਹੋਰ ਸਾਹਿਤਕ -ਵਿਧਾ ਨਹੀਂ ਬਣ ਸਕੀ।

ਜਿਥੋਂ ਤੱਕ ਪੰਜਾਬੀ ਨਾਟਕ ਦੇ ਇਤਿਹਾਸਿਕ ਪੜਾਵਾਂ ਦਾ ਅਥਵਾ ਇਸ ਦੇ ਜਨਮ ਤੇ ਵਿਕਾਸ ਦਾ ਸਬੰਧ ਹੈ। ਇਸ ਬਾਬਤ ਨਿਰਣੈ ਦੇਣ ਵਿਚ ਪੰਜਾਬੀ ਵਿਦਵਾਨ ਇਕ ਰਾਇ ਨਹੀਂ ਰੱਖਦੇ ਪ੍ਰੋ.ਪਿਆਰਾ ਸਿੰਘ ਭੋਗਲ ਅਨੁਸਾਰ ਭਾਈ ਵੀਰ ਸਿੰਘ, ਬ੍ਰਿਜ ਲਾਲ ਸ਼ਾਸਤਰੀ , ਲਾਲ ਕਿਰਪਾ ਸਾਗਰ, ਬਾਵਾ ਬੁੱਧ ਸਿੰਘ ਜੋ ਪੱਛਮੀ ਸੰਸਕ੍ਰਿਤੀ ਤੋਂ ਘੱਟ ਪ੍ਰੀਚਿਤ ਸਨ , ਭਾਵੇਂ 1930ਤੱਕ ਨਾਟਕ ਲਿਖਦੇ ਰਹੇ , ਉਹ ਨਾਟਕ ਦੀ ਪ੍ਰੰਪਰਾ ਸਥਾਪਿਤ ਨਾ ਕਰ ਸਕੇ। ਪਰ ਈਸ਼ਵਰ ਚੰਦਰ ਨੰਦਾ ਜੋ ਅੰਗ੍ਰੇਜ਼ੀ ਸਾਹਿਤ ਅਤੇ ਪੱਛਮ ਦੇ ਮਾਨਵਵਾਦ ਤੋਂ ਬਹੁਤ ਪ੍ਰਭਾਵਿਤ ਹੋਇਆ, ਪੰਜਾਬੀ ਨਾਟਕ ਦਾ ਮੋਢੀ ਬਣ ਗਿਆ ਅਤੇ ਉਹ ਨਾਟਕ ਲਿਖ ਗਿਆ ਜੋ ਅੱਜ ਵੀ ਪੁਰਾਣੇ ਨਹੀਂ ਲੱਗਦੇ। " 3

ਬੇਸ਼ਕ ਪੰਜਾਬੀ ਨਾਟਕ ਦਾ ਨਿਕਾਸ ਤੇ ਵਿਕਾਸ ਅੰਗ੍ਰੇਜ਼ੀ ਸਾਹਿਤ ਦੇ ਪ੍ਰਭਾਵ ਤੋਂ ਮੰਨਿਆ ਜਾਂਦਾ ਹੈ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨਾਟਕ ਦੇ ਬੀਜ ਤਾਂ ਪਹਿਲਾਂ ਹੀ ਪੰਜਾਬੀ ਸੱਭਿਆਚਾਰ ਵਿਚ ਸਨ । ਨੰਦਾ ਵਿਧਾ ਵਾਲੇ ਨਾਟਕ ਤੋਂ ਪਹਿਲਾਂ ਲੋਕ ਰਾਮ- ਲੀਲ੍ਹਾ, ਰਾਸ ਲ਼ੀਲਾ, ਸਾਂਗ , ਨਕਲਾਂ , ਭੰਡ ਆਦਿ ਦੇ ਰੂਪ ਵਿਚ ਪਾਤਰਾਂ ਦੇ ਰੂ ਬਰੂ ਹੁੰਦੇ ਸਨ ।

## ਪੰਜਾਬੀ ਨਾਟਕ ਅਤੇ ਨੰਦਾ

" ਜਦੋਂ ਨੰਦੇ ਨੇ ਪੰਜਾਬੀ ਵਿਚ ਨਾਟਕ-ਰਚਨਾ ਦਾ ਅਰੰਭ ਕੀਤਾ , ਉਸ ਸਮੇਂ ਪੰਜਾਬ ਵਿਚ ਲੋਕ -ਪੱਧਰ ਦਾ ਹੀ ਰੰਗ ਮੰਚ ਸੀ। ਇਕ ਪਾਸੇ ਰਾਸ- ਲੀਲਾ ਤੇ ਰਾਮ -ਲੀਲਾ ਦੀ ਪ੍ਰੰਪਰਾ ਸੀ, ਦੂਜੇ ਪਾਸੇ ਨਕਲਾਂ ਅਤੇ ਰਾਸਾਂ ਸੀ । ਸ਼ਹਿਰੀ ਮੱਧ ਸ੍ਰੇਣੀ ਨੂੰ

ਸੰਤੁਸ਼ਟ ਕਰਨ ਲਈ ਪਾਰਸੀ ਥੀਏਟਰ ਅਤਿ ਦਰਜੇ ਦੇ ਰੁਮਾਂਟਿਕ ਤੇ ਕਲਪਿਤ ਨਾਟਕ ਪੇਸ਼ ਕਰ ਰਿਹਾ ਸੀ, ਜ਼ਿਹਨਾਂ ਦਾ ਮਨੋਰਥ ਦਰਸ਼ਕਾਂ ਦੇ ਮਨਪ੍ਰਚਾਵੇ ਤੋਂ ਵੱਧ ਕੁੱਝ ਨਹੀਂ ਸੀ ।" 4

ਪੰਜਾਬ ਵਿਚ ਮੀਡੀਏ ਦਾ ਜ਼ਰੀਆ ਸਭ ਤੋਂ ਪਹਿਲਾਂ ਰੇਡੀਓ ਬਣਿਆਂ ।ਰੇਡੀਓ ਰਾਹੀਂ ਨਾਟਕ ਦਰਸ਼ਕਾਂ ਦੇ ਕੰਨਾਂ ਤੱਕ ਪਹੁੰਚਿਆ।ਸਰੋਤਿਆਂ ਦੇ ਕੰਨ ਹੀ ਉਹਨਾਂ ਦੀਆਂ ਅੱਖਾਂ ਦਾ ਕਾਰਜ ਕਰਦੇ ਸਨ ।

## ਰੇਡੀਓ ਨਾਟਕ

" ਰੇਡੀਓ ਨਾਟਕ , ਨਾਟਕ ਦੀ ਵੱਖਰੀ ਵੰਨਗੀ ਹੈ ਤੇ ਇਹ ਮੰਚੀ ਨਾਟਕ ਨਾਲੋਂ ਬਹੁਤ ਵੱਖਰਾ ਹੈ।ਦ੍ਰਿਸ਼ ਦੀ ਅਣਹੋਂਦ ਹੁੰਦੀ ਹੈ ਤੇ ਕਾਰਜ ਕੇਵਲ ਟਿੱਪਣੀਆਂ ਜਾਂ ਧੁੰਨੀ ਪ੍ਰਭਾਵਾਂ ਨਾਲ ਅਭਿਵਿਅਕਤ ਕੀਤੇ ਜਾਂਦੇ ਹਨ।" 5 " ਬੋਲਡੋ ਅਬੋਟ ਕਹਿੰਦਾ ਹੈ ਕਿ ਰੇਡੀਓ ਨਾਟਕ ਉਹਨਾਂ ਦਰਸ਼ਕਾਂ ਲਈ ਹੁੰਦਾ ਹੈ ਜਿਹੜੇ ਅੰਨ੍ਹੇ ਹੁੰਦੇ ਹਨ।" 6 "ਇਹਨਾਂ ਦੋਹਾਂ ਪ੍ਰੀਭਾਸ਼ਾਵਾਂ ਦਾ ਅਰਥ ਇਹ ਹੈ ਕਿ ਰੇਡੀਓ ਨਾਟਕ ਵਿਚ ਸਭ ਕੁੱਝ ਅਵਾਜ਼ ਰਾਹੀਂ ਹੀ ਅਭਿਵਿਅਕਤ ਕੀਤਾ ਜਾਂਦਾ ਹੈ।

ਰੇਡੀਓ ਨਾਟਕ ਵੇਖਣ ਵਾਲੀ ਨਹੀਂ ਸੁਣਨ ਵਾਲੀ ਕਲਾ ਹੈ।ਇਸ ਦਾ ਮਾਧਿਅਮ ਅਵਾਜ਼ ਹੈ ਜਿਹੜੀ ਅਵਾਜ਼ ਮਾਈਕਰੋਫ਼ੂਨ ਰਾਹੀਂ ਆਉਂਦੀ ਹੈ।ਰੇਡੀਓ ਨਾਟਕ ਸੁਣਕੇ ਮਾਨਣ ਵਾਲੀ ਕਲਾ ਹੈ, ਇਸ ਲਈ ਇਸਦੀ ਵਿਧਾ ਵੀ ਵੱਖਰੀ ਹੈ।ਇਸਨੂੰ ਕੰਨ ਰਸ ਦੀ ਨਾਟਕੀ ਕਲਾ ਕਿਹਾ ਜਾਂਦਾ ਹੈ।ਧੁਨੀ ਦੇ ਮਾਧਿਅਮ ਰਹੀਂ ਇਸ ਵਿਚ ਨਾਟਕੀ ਸਥਿਤੀ ਨਾਟਕੀ ਦ੍ਰਿਸ਼ ਤੇ ਨਾਟਕੀ ਮਾਹੌਲ ਸਿਰਜਿਆ ਜਾਂਦਾ ਹੈ, ਜਿਹੜਾ ਕੰਨਾਂ ਨੂੰ ਅੱਖਾਂ ਬਣਾ ਦੇਵੇ। ਇਸ ਵਿਚ ਰੰਗ ਮੰਚ ਨਹੀਂ ਹੁੰਦਾ ਪਰਦਾ ਨਹੀਂ ਹੁੰਦਾ। ਅਭਿਨੇਤਾ ਹਾਰ -ਸ਼ਿੰਗਾਰ ਕਰਕੇ ਸਾਹਮਣੇ ਨਹੀਂ ਆਉਂਦਾ।ਇਸ ਲਈ ਇਸ ਵਿਚ ਦਰਸ਼ਕਾਂ ਤੇ ਅਭਿਨੇਤਾਵਾਂ ਦੀ ਕ੍ਰਿਆ ਤੇ ਪ੍ਰਤੀਕ੍ਰਿਆ ਨਹੀਂ ਹੁੰਦੀ।ਮੰਚੀ ਨਾਟਕ ਸਮੂਹ ਲਈ ਹੁੰਦਾ ਹੈ।ਰੇਡੀਓ ਨਾਟਕ ਇਕ ਜਾਂ ਦੋ ਦੇ ਕੰਨਾਂ ਲਈ ਹੁੰਦਾ ਹੈ ।ਸੋ ਇਹ ਸਮੂਹ ਲਈ ਨਹੀਂ ਲਿਖਿਆ ਜਾਂਦਾ।ਸਰੋਤਿਆਂ ਲਈ ਲਿਖਿਆ ਜਾਂਦਾ ਹੈ, ਜਿਹੜੇ ਵੱਖ -ਵੱਖ ਥਾਂ ਆਪਣੇ ਘਰ ਵਿਚ ਬੈਠੇ ਹੰਦੇ ਹਨ।" 7

ਰੇਡੀਓ ਅਵਾਜ਼ ਰਾਹੀਂ ਹੀ ਦਰਸ਼ਕਾਂ ਨੂੰ ਕੀਲੀ ਰੱਖਦਾ ਹੈ।ਰੇਡੀਓ ਨਾਟਕ ਖਰਚ ਨੂੰ ਘਟਾ ਦਿੰਦਾ ਹੈ ਕਿਉਂਕਿ ਸਰੋਤੇ ਤੱਕ ਇਕ ਕਾਬਲ ਅਵਾਜ਼ ਹੀ ਜਾਦੂ ਦਾ ਕੰਮ ਕਰਦੀ ਹੈ।ਇਕ ਵਧੀਆ ਐਂਕਰ ਨਾਟਕ ਦਾ ਸੰਦੇਸ਼ ਪਾਠਕਾਂ ਤੱਕ ਸੁਚੱਜੇ ਢੰਗ ਨਾਲ ਪਹੁੰਚਾ ਸਕਦਾ ਹੈ।ਇਕ ਮਾੜਾ ਐਂਕਰ ਆਪਣੀ ਘਟੀਆ ਅਵਾਜ਼ ਰਾਹੀਂ ਵਧੀਆ ਨਾਟਕ ਦਾ ਅਨਰਥ ਕਰ ਸਕਦਾ ਹੈ।" ਰੇਡੀਓ ਨਾਟਕ ਦੀ ਵਿਧਾ ਧੁਨੀਆਂ ਰਾਹੀਂ ਸਰੋਤਿਆਂ ਦੇ ਕੰਨਾਂ ਨੂੰ ਅੱਖਾਂ ਬਣਾਉਣ ਦੀ ਸਮਰੱਥਾ ਹੈ, ਮੰਚੀ ਨਾਟਕ ਦੀ ਸ਼ਬਦਾਂ ਨੂੰ ਬੋਲ ਬਣਾਉਣ ਦੀ ਵਿਧਾ ਹੈ।

ਮੰਚੀ ਨਾਟਕ ਸਮੇਂ ਸਥਾਨ ਦੇ ਵਿਸ਼ਾਲ ਦ੍ਰਿਸ਼ ਨਹੀਂ ਵਿਖਾ ਸਕਦਾ , ਪਰ ਮੰਚੀ ਜੜਤ ਪਹਿਰਾਵੇ, ਹਾਰ -ਸ਼ਿੰਗਾਰ, ਦਰਸ਼ਕਾਂ ਦਾ ਅਭਿਨੇਤਾਵਾਂ ਦੀ ਕਿਰਿਆ ਪਰਕਿਰਿਆ ਤੇ ਹਰ ਭਾਂਤ ਦੇ ਅਭਿਨੈ ਰਾਹੀਂ ਬਹੁਤ ਸਾਰੀਆਂ ਕਮਜ਼ੋਰੀਆਂ ਲੁਕੋ ਕੇ ਜੀਵਨ ਦਾ ਅਸਲੀ ਪ੍ਰਭਾਵਸ਼ਾਲੀ ਚਿੱਤਰ ਵਿਖਾ ਸਕਦਾ ਹੈ।" 8

ਅਗਲੀ ਗੱਲ ਇਹ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਕੀ ਜਲੰਧਰ ਰੇਡੀਓ ਸਟੇਸ਼ਨ ਅਸਲੀ ਮਾਨਿਆ ਵਿਚ ਸਰੋਤਿਆਂ ਤੱਕ ਨਾਟਕ ਪਹੁੰਚਾਉਣ ਵਿਚ ਕਿੰਨਾ ਕੁ ਸਫਲ ਰਿਹਾ ਹੈ ਤੇ ਕਿਹੜੇ ਕਿਹੜੇ ਨਾਟਕ ਸਿਰਫ ਰੇਡੀਓ ਲਈ ਹੀ ਲਿਖੇ ਗਏ ਹਨ।" ਸਾਡੇ ਦੇਸ ਖਾਸ ਕਰਕੇ ਜਲੰਧਰ ਰੇਡੀਓ ਸਟੇਸ਼ਨ ਤੋਂ ਅਸਲੀ ਰੇਡੀਓ ਨਾਟਕ ਨਹੀਂ ਪੇਸ਼ ਕੀਤੇ ਜਾਂਦੇ ਸਿਵਾਏ ਸੁਖਚੈਨ ਭੰਡਾਰੀ ਦੇ ਰੇਡੀਓ ਨਾਟਕਾਂ ਦੇ , ਬਾਕੀ ਕਿਸੇ ਨਾਟਕਕਾਰ ਨੇ ਰੇਡੀਓ ਨਾਟਕ ਨਹੀਂ ਲਿਖੇ।

ਜਲੰਧਰ ਰੇਡੀਓ ਸਟੇਸ਼ਨ ਤੋਂ ਅੱਜ ਤੀਕ ਮੰਚ ਇਕਾਂਗੀਆਂ ਜਾਂ ਪੂਰੇ ਨਾਟਕ ਨੂੰ ਛੋਟਾ ਕਰਕੇ ਤੇ ਅੱਧੇ ਘੰਟੇ ਦਾ ਬਣਾਕੇ ਹੀ ਪੇਸ਼ ਕੀਤਾ ਜਾਂਦਾ ਹੈ।ਇਸ ਲਈ ਅਸੀਂ ਸਾਰੇ ਰੇਡੀਓ ਨਾਟਕ ਤੇ ਇਸ ਦੀਆਂ ਵੱਖ- ਵੱਖ ਵੰਨਗੀਆਂ ਨੂੰ ਇਕਾਂਗੀਆਂ ਵਿਚ ਗਿਣਿਆ ਸੀ ਤੇ ' ਪੰਜਾਬੀ ਇਕਾਂਗੀ -ਸਰੂਪ ਸਿਧਾਂਤ ਤੇ ਵਿਕਾਸ ' ਵਿਚ ਪੂਰੀ ਤਰ੍ਹਾਂ ਵਿਚਾਰਿਆ ਸੀ ।ਇਹਨਾਂ ਰੇਡੀਓ

ਨਾਟਕਾਂ ਨੂੰ ਅਸੀਂ ਪੂਰੇ ਨਾਟਕਾਂ ਵਿਚ ਨਹੀਂ ਰੱਖ ਸਕਦੇ , ਪੂਰੇ ਨਾਟਕਾਂ ਵਿਚ ਅਸੀਂ ਲੜੀਵਾਰ ਰੇਡੀਓ ਨਾਟਕ ਨੂੰ ਰੱਖ ਸਕਦੇ ਹਾਂ। ਜਲੰਧਰ ਰੇਡੀਓ ਸਟੇਸ਼ਨ ਤੋਂ ਅੱਜ ਤੀਕ ਇਕ ਅੱਧ ਵੀ ਲੜੀਵਾਰ ਰੇਡੀਓ ਨਾਟਕ ਪ੍ਰਕਾਸ਼ਿਤ ਨਹੀਂ ਹੋਇਆ ਤੇ ਨਾ ਹੀ ਪੰਜਾਬੀ ਵਿਚ ਛਪੇ ਲੜੀਵਾਰ ਰੇਡੀਓ ਨਾਟਕ ਮਿਲਦੇ ਹਨ। ਜਿਸ ਕਰਕੇ ਰੇਡੀਓ ਨਾਟਕ (ਪੂਰਾ ਨਾਟਕ) ਦਾ ਅਭਾਵ ਹੈ। ਚਾਰ , ਗਿਆਰਾਂ , ਅਠਾਰਾਂ ਨਵੰਬਰ ਨੂੰ ਪਹਿਲੀ ਵਾਰੀ ਸਫਲ ਲੜੀਵਾਰ ਨਾਟਕ ' ਉਲਝੀਆਂ ਤੰਦਾਂ ' ਵਿਨੋਦ ਧੀਰ ਨੇ ਜਲੰਧਰ ਰੇਡੀਓ ਸਟੇਸ਼ਨ ਤੋਂ ਪ੍ਰਸਾਰਿਤ ਕੀਤਾ। " 9

ਜਦੋਂ ਮੀਡੀਏ ਦੀ ਗੱਲ ਆਉਂਦੀ ਹੈ ਤਾਂ ਦਰਸ਼ਕਾਂ – ਸਰੋਤਿਆਂ ਨੂੰ ਜਿਸ ਮੀਡੀਏ ਦੇ ਰੂਪ ਨੇ ਸਭ ਤੋਂ ਵੱਧ ਨਾਟਕਾਂ ਦੇ ਸਰੋਤਾ ਵਰਗ ਨੂੰ ਆਪਣੇ ਨਾਲ ਜੋੜਿਆ ਹੈ , ਉਹ ਹੈ ਜਲੰਧਰ ਦੂਰਦਰਸ਼ਨ ਕੇਂਦਰ। ਦੂਰਦਰਸ਼ਨ ਕੇਂਦਰ ਜਲੰਧਰ 29–9–1973 ਨੂੰ ਹੋਂਦ ਵਿਚ ਆਇਆ ਇਸ ਕੇਂਦਰ ਨੇ ਬਹੁਤ ਸਾਰੇ ਟੀ ਵੀ ਨਾਟਕ ਦਰਸ਼ਕਾਂ ਦੇ ਸਾਹਮਣੇ ਪੇਸ਼ ਕੀਤੇ ਹਨ।

" ਟੀ ਵੀ ਨਾਟਕ ਵਿਚ ਚਿੱਤਰ ਨਾਟਕ ਵਾਂਗ ਕੈਮਰਾ ਹੀ ਮਾਧਿਅਮ ਹੈ। ਟੀ ਵੀ ਨਾਟਕ ਦਾ ਕੁੱਝ ਹਿੱਸਾ ਫਿਲਮ ਵਾਂਗ ਬਾਹਰ ਫਿਲਮਾਇਆ ਜਾਂਦਾ ਹੈ ਬਾਕੀ ਹਿੱਸਾ ਸਟੂਡੀਓ ਵਿਚ ਤਿਆਰ ਕੀਤਾ ਜਾਂਦਾ ਹੈ। ਸਟੂਡੀਓ ਵਿਚ ਅਭਿਨੈ ਕਰਦੇ ਅਭਿਨੇਤਾਵਾਂ ਦੀਆਂ ਫੋਟੋਆਂ ਖਿਚ ਲਈਆਂ ਜਾਂਦੀਆਂ ਹਨ ਤੇ ਫਿਰ ਬਾਹਰ ਲਈ ਫਿਲਮ ਤੇ ਅਭਿਨੈ ਕਰਦੇ ਅਭਿਨੇਤਾ ਦੀਆਂ ਲਈਆਂ ਫੋਟੋਆਂ ਇਕੱਠੀਆਂ ਕਹਾਣੀ ਦੀ ਵਿਉਂਤ ਅਨੁਸਾਰ ਟੀ ਵੀ ਦੀ ਸਕਰੀਨ ਤੇ ਵਿਖਾ ਦਿੱਤੀਆਂ ਜਾਂਦੀਆਂ ਹਨ, ਪਰ ਟੀ ਵੀ ਨਾਟਕ ਫਿਲਮ ਵਰਗਾ ਰਸ ਨਹੀਂ ਦੇ ਸਕਦਾ। ਟੀ ਵੀ ਦਾ ਪ੍ਰਦਰਸ਼ਨ ਨਾ ਤੇ ਥੀਏਟਰੀਕਲ ਹੋ ਸਕਦਾ ਹੈ ਤੇ ਨਾ ਹੀ ਸਿਨੇਮੇ ਵਰਗਾ ।" 10

ਪੰਜਾਬੀ ਸਿਰਫ ਇੱਧਰਲੇ ਪੰਜਾਬ ਵਿਚ ਹੀ ਨਹੀਂ ਵਸਦੇ ਪਾਕਿਸਤਾਨ ਵਿਚ ਵੀ ਪੰਜਾਬੀ ਬੋਲਦੇ ਲੋਕਾਂ ਦੀ ਵੱਡੀ ਗਿਣਤੀ ਹੈ। ਪਾਕਿਸਤਾਨੀ ਪੰਜਾਬ ਵੀ ਟੀ ਵੀ ਸਟੇਸ਼ਨ ਦੇ ਮਾਧਿਅਮ ਰਾਹੀਂ ਪੰਜਾਬੀ ਨਾਟਕ ਪਾਠਕਾਂ –ਦਰਸ਼ਕਾਂ ਤੱਕ ਪਹੁੰਚਾ ਰਿਹਾ ਹੈ।" ਲਾਹੌਰ ਟੀ ਵੀ ਸਟੇਸ਼ਨ 1958 ਵਿਚ ਸਥਾਪਿਤ ਹੋਇਆ ਇਥੋਂ ਆਮ ਕਰਕੇ ਉਰਦੂ ਵਿਚ ਨਾਟਕ ਪੇਸ਼ ਹੁੰਦੇ ਹਨ । ਕਦੀ –ਕਦੀ ਪੰਜਾਬੀ ਦੇ ਨਾਟਕ ਵੀ ਪੇਸ਼ ਕੀਤੇ ਜਾਂਦੇ ਹਨ ।

ਅੰਮ੍ਰਿਤਸਰ ਟੀ ਵੀ ਸਟੇਸ਼ਨ 29–9–1973 ਨੂੰ ਦਿੱਲੀ ਵਿਖੇ ਆਰੰਭ ਹੋਇਆ । ਇਸਦਾ ਉਦਘਾਟਨ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਇਆ ਸੀ । ਕਿਉਂਕਿ ਸਾਰਾ ਪ੍ਰੋਗਰਾਮ ਬਾਸਰਕੇ ਗਿੱਲਾਂ ਦੇ ਲਾਗੇ ਬਣੇ ਟੀ ਵੀ ਸਟੇਸ਼ਨ ਤੋਂ ਪਹਿਲਾਂ ਨਾਟਕ ਫਿਕਰ ਤੌਂਸਵੀ ਦਾ "ਸ਼ਗਨ ਚੰਗਾ ਨਹੀਂ " ਪੇਸ਼ ਕੀਤਾ ਗਿਆ।

ਅੰਮ੍ਰਿਤਸਰ ਸਟੇਸ਼ਨ ਲਈ ਸਾਰਾ ਪ੍ਰੋਗਰਾਮ ਦਿੱਲੀ ਤੋਂ ਰਿਕਾਰਡ ਹੋ ਕੇ ਨਿੱਤ ਆਉਂਦਾ ਸੀ ਤੇ ਇਥੋਂ ਰਿਲੇਅ ਹੁੰਦਾ ਸੀ । 1978 ਵਿਚ ਅੰਮ੍ਰਿਤਸਰ ਟੀ ਵੀ ਸਟੇਸ਼ਨ ਜਲੰਧਰ ਆ ਗਿਆ । ਸਾਰਾ ਪ੍ਰੋਗਰਾਮ ਹੁਣ ਦਿੱਲੀ ਦੀ ਥਾਂ ਇਥੇ ਤਿਆਰ ਤੇ ਰਿਕਾਰਡ ਹੋਣ ਲੱਗ ਪਿਆ। ਪਰ ਇਹ ਪ੍ਰੋਗਰਾਮ ਜਲੰਧਰੋਂ (ਟਾਵਰ ਦਾ ਖੇਤਰ –ਘੇਰਾ ਛੋਟਾ ਹੈ) ਤੇ ਅੰਮ੍ਰਿਤਸਰੋਂ ਦੋਹਾਂ ਥਾਵਾਂ ਤੋਂ ਟੈਲੀਕਾਸਟ ਹੁੰਦਾ ਹੈ। " 11

ਭਾਵੇਂ ਇਸ ਵਕਤ ਇਕ ਦਰਜਨ ਦੇ ਕਰੀਬ ਪੰਜਾਬ ਵਿਚ ਪੰਜਾਬੀ ਟੀ ਵੀ ਚੈਨਲ ਚੱਲ ਰਹੇ ਹਨ । ਦੂਰਦਰਸ਼ਨ ਕੇਂਦਰ ਜਲੰਧਰ ਤੇ ਪਾਕਿਸਤਾਨੀ ਟੈਲੀਵਿਜ਼ਨ ਪੀ ਟੀ ਵੀ ਹੀ ਦੋ ਅਜਿਹੇ ਚੈਨਲ ਹਨ ਜਿਹੜੇ ਪੰਜਾਬੀ ਨਾਟਕਾਂ ਦਾ ਪ੍ਰਸਾਰਣ ਕਰਦੇ ਹਨ। ਹੁਣ ਤੱਕ ਦੂਰਦਰਸ਼ਨ ਕੇਂਦਰ ਜਲੰਧਰ ਜਿਹੜੇ ਨਾਟਕ ਪੇਸ਼ ਕਰ ਚੁੱਕਾ ਹੈ ਉਹਨਾਂ ਦਾ ਵੇਰਵਾ ਕੁੱਝ ਇਸ ਤਰ੍ਹਾਂ ਹੈ ––

–" ਸ਼ੋਰ ਤੇ ਸੰਗੀਤ (ਹਰਜੀਤ ਸਿੰਘ) , ਪੱਥਰ ਦੇ ਖੰਭ (ਸੁਰਿੰਦਰ ਸਾਹਨੀ), ਛਿਪਣ ਤੋਂ ਪਹਿਲੇ (ਸਰਦਾਰਜੀਤ ਬਾਵਾ), ਇਤਫਾਕ ਸੇ (ਦਵਿੰਦਰ ਗੋਸਵਾਮੀ), ਤਲਾਸ਼ ਜਾਰੀ ਹੈ (ਸੁਰਿੰਦਰ ਸ਼ਰਮਾ), ਛੇਵਾਂ ਦਰਿਆ (ਸੁਰਿੰਦਰ ਸ਼ਰਮਾ), ਸੰਕਲਪ (ਸੀ. ਐਲ . ਹੱਖੂ), ਸਦਾ– ਏ –ਹਵਸ(ਹਰਜੀਤ ਸਿੰਘ), ਜ਼ਮੀਰ (ਸੁਰਿੰਦਰ ਸਾਹਨੀ), ਉਮੀਦ ਸੇ ਆਗੇ (ਸੁਰਿੰਦਰ ਸਾਹਨੀ),ਨਟ

ਸਮਰਾਟ (ਸਾਹਨੀ), ਮਾਤਮ (ਐਸ .ਕੇ ਸਿੰਘ), ਹੋਵੇ ਪੁੱਤ ਜ਼ਵਾਨ (ਦਲਜੀਤ ਸੰਧੂ), ਧੂਪ ਕਹਾਂ ਫਿਸਲ ਗਈ (ਸਾਹਨੀ), ਉਦਾਸ ਦਿਨੋਂ ਮੇਂ ਨਹੀਂ ਧੂਪ (ਸਾਹਨੀ)।" 12

ਮੋਹ ਜਾਲ, ਪਹਿਰੇਦਾਰ, ਸਿਖਰ ਦੁਪਹਿਰੇ ਰਾਤ ਲਫਾਫੀ ਅਤੇ ਅੱਧ ਖਿੜੇ ਨਾਟਕ ਵਧੀਆ ਵਿਸ਼ਿਆਂ ਨੂੰ ਪੇਸ਼ ਕਰਦੇ ਨਾਟਕ ਸਨ। ਇਸੇ ਤਰ੍ਹਾਂ ਡੁੱਬਦੇ ਹਨੇਰੇ ਨਾਟਕ ਵੀ ਬਾਖੂਬੀ ਪੇਸ਼ ਕੀਤਾ ਗਿਆ। ਪੁੱਠੇ ਕੰਡੇ ਨਾਟਕ ਵੀ ਦੂਰਦਰਸ਼ਨ ਕੇਂਦਰ ਜਲੰਧਰ ਦੁਆਰਾ ਪੇਸ਼ ਕੀਤਾ ਸਫਲ ਨਾਟਕ ਸੀ ।

" ਪਹਿਲਾਂ ਪੰਜਾਬੀ ਟੀ ਵੀ ਨਾਟਕ ' ਚੰਨ ਬੱਦਲਾਂ ਦਾ ' 1973 ਵਿਚ ਪ੍ਰਸਾਰਤ ਕੀਤਾ ਗਿਆ। ਫਿਕਰ ਤੌਂਸਵੀ ਦਾ ਨਾਟਕ 'ਸ਼ਗਨ ਅੱਛਾ ਨਹੀਂ ' ਦਿੱਲੀ ਦੂਰਦਰਸ਼ਨ ਅਤੇ ਅੰਮ੍ਰਿਤਸਰ ਕੇਂਦਰ ਤੋਂ ਵਿਖਾਇਆ ਗਿਆ। ਇਸ ਉਪਰੰਤ ਸ਼ੀਲਾ ਭਾਟੀਆ ਦਾ ਨਾਟਕ 'ਯਾਸਮੀਨ ' ਬਲਵੰਤ ਗਾਰਗੀ ਦਾ 'ਕੇਸਰੋ ' ਸੁਰਜੀਤ ਸੇਠੀ ਦਾ ਕਾਦਰਯਾਰ, ਆਤਮਜੀਤ ਦਾ (ਅੱਖੀਆਂ ), ਗੁਰਦਿਆਲ ਸਿੰਘ ਫੁੱਲ ਦਾ' ਕਲਾ ਤੇ ਜ਼ਿੰਦਗੀ ' ਬਲਰਾਜ ਪੰਡਿਤ 'ਲੋਕ ਉਦਾਸੀ ' ਕਪੂਰ ਸਿੰਘ ਘੁੰਮਣ ਦਾ' ਅਤੀਤ ਦੇ ਪ੍ਰਛਾਵੇ" , ਸੰਤੋਸ਼ ਸਾਹਨੀ ਦਾ ' ਅਗਨੀ ਪ੍ਰੀਖਿਆ' ਅਮ੍ਰਿਤਾ ਪ੍ਰੀਤਮ ਦੇ ਨਾਵਲ ' ਤੇ ਅਧਾਰਿਤ ਪੀ.ਕੁਮਾਰ ਵਾਸੂ ਦੇਵ ਦਾ ਆਲ੍ਹਣਾਂ, ਰੰਗ ਮੰਚੀ ਰੂਪ ਵਿਚ ਹੀ ਕੈਮਰੇ ਦੀ ਮੱਦਦ ਨਾਲ ਪ੍ਰਸਾਰਿਤ ਕੀਤੇ ਗਏ ਸਨ। ਇਹਨਾਂ ਤੋਂ ਇਲਾਵਾ ਲੋਹਾ ਕੁੱਟ , ਲਿੱਲੀ ਦਾ ਵਿਆਹ, ਸ਼ਾਮੂ ਸ਼ਾਹ, ਦੀਵਾ ਬੁੱਝਗਿਆ, ਪੱਤਣ ਦੀ ਬੇੜੀ, ਕਹਾਣੀ ਕਿਵੇਂ ਬਣੀ, ਜੁੱਤੀਆਂ ਦਾ ਜੋੜਾ , ਨਵੀਂ ਸਵੇਰ, ਅਤੀਤ ਦੇ ਪ੍ਰਛਾਵੇਂ, ਮਾਨਸ ਕੀ ਏਕ ਜਾਤ, ਭੁਲੇਖਾ, ਰਿਹਰਸਲ , ਸੰਕਲਪ, ਉਦਾਸ ਲੋਕ, ਲੰਮੇ ਸਮੇਂ ਦਾ ਨਰਕ , ਪਵਿੱਤਰ ਪਾਪੀ, ਬੈਂਕ ,ਅੱਧ ਚਾਨਣੀ ਰਾਤ , ਕਲਾ ਤੇ ਜ਼ਿੰਦਗੀ, ਬਿਗਾਨੇ ਬੋਹੜ ਦੀ ਛਾਂ, ਤੂੜੀ ਵਾਲਾ ਕੋਠਾ, ਸੁੱਕੀ ਕੁੱਖ , ਹਵਾ ਮਹਿਲ, ਅੱਖੀਆਂ, ਹਾਹਾਕਾਰ ਦਾ ਰੰਗ ਮੰਚ, ਦਿਲ ਦੀ ਦੁਕਾਨ ਆਦਿ ਨਾਟਕਾਂ ਨਾਲ ਪੰਜਾਬੀ ਟੈਲੀਵਿਜ਼ਨ ਨਾਟਕ ਲਈ ਮਜ਼ਬੂਤ ਨੀਂਹ ਤਿਆਰ ਹੋ ਗਈ ਸੀ। " 13

" ਮਿੱਟੀ ਦਾ ਮੁੱਲ, ਏਹੁ ਹਮਾਰਾ ਜੀਵਣਾ, ਚਿੱਟਾ ਲਹੂ, ਹਲ ਵਾਹ , ਤੂੜੀ ਦੀ ਪੰਡ, ਧਰਤੀ ਹੇਠਲਾ ਬਲਦ, ਮੰਗੋ, ਅੱਧ ਚਾਨਣੀ ਰਾਤ, ਰਿਣ ਪਿੱਤਰਾਂ ਦੇ , ਡਾਚੀ, ਗਲੀ ਮੁਹੱਲੇ ਦੇ ਲੋਕ , ਪੀਲੇ ਪੱਤਿਆਂ ਦੀ ਦਾਸਤਾਨ, ਦੇਸ਼ ਪਰਾਇਆ, ਆਲ੍ਹਣਾਂ, ਕੁੱਝ ਪੱਤਰੇ, ਬੁੱਝ ਰਹੇ ਦੀਵੇ ਦੀ ਲੋਅ , ਰੇਤੇ ਦੀ ਇਕ ਮੁੱਠੀ , ਸ਼ੋਰ ਤੇ ਸੰਗੀਤ, ਪੱਥਰ ਦੇ ਖੰਭ, ਦੁੱਧ ਦਾ ਛੱਪੜ, ਛਵੀਆਂ ਦੀ ਰੁੱਤ, ਹਾਰ ਜਿੱਤ, ਮੁਰਕੀਆਂ , ਬਾਗਾਂ ਦਾ ਰਾਖਾ, ਆਪਣਾ -ਆਪਣਾ ਹਿੱਸਾ, ਰੱਬ ਝੂਠ ਨਾ ਬਲਾਏ, ਹਾਰ ਗਿਐ ਰਤਨਿਆਂ ਉਤੇ ਅਧਾਰਤਿ ਵਰਤਮਾਨ, ਸੂਲੀ ਲਟਕੇ ਪਲ , ਇਕ ਸਧਾਰਨ ਆਦਮੀ , ਫਰਜ ਕਰੋ ਸੱਨਾਟਾ, ਪਹੁ ਫੁਟਾਲਾ, ਸਾਈਕਲ ਦੌੜ, ਸਾਈਡ ਪੋਜ਼, ਦਲਦਲ, ਕੋਈ ਇਕ ਸਵਾਰ, ਇਹਨਾਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸਾਹਿਤਕ ਰਚਨਾਵਾਂ ਦਾ ਫਿਲਮਾਂਕਣ ਕੀਤਾ ਗਿਆ। ਇਹੀ ਉਹ ਫਿਲਮਾਂਕਣ ਸਨ ਜਿਹਨਾਂ ਸਦਕਾ ਪੰਜਾਬੀ ਟੈਲੀਵਿਜ਼ਨ ਨਾਟਕ ਦੀ ਅਮੀਰੀ ਵਿਚ ਢੇਰ ਵਾਧਾ ਹੋਇਆ। " 14

ਸੋ ਰੇਡੀਓ ਤੇ ਟੈਲੀਵਿਜ਼ਨ ਦੋ ਅਜਿਹੇ ਸਾਧਨ ਹਨ ਜਿਹਨਾਂ ਨੇ ਰੰਗ ਮੰਚ ਤੇ ਸੰਚਾਰ ਦੀ ਨਵੀਂ ਪਿਰਤ ਕਾਇਮ ਕੀਤੀ। ਪੰਜਾਬੀ ਭਾਸ਼ਾ ਵਿਚ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਇਲਾਵਾ ਦਸ ਕੁ ਦੇ ਕਰੀਬ ਪੰਜਾਬੀ ਟੀ ਵੀ ਚੈਨਲ ਚੱਲ ਰਹੇ ਹਨ। ਉਹਨਾਂ ਚੈਨਲਾਂ ਦਾ ਨਾਟਕ ਪ੍ਰਤੀ ਕੰਮ ਨਾਂਹ ਮਾਤਰ ਹੀ ਹੈ। ਪਰ ਜੇ ਅਸੀਂ ਦੂਰਦਰਸ਼ਨ ਕੇਂਦਰ ਜਲੰਧਰ ਦੀ ਵੀ ਗੱਲ ਕਰਦੇ ਹਾਂ ਤਾਂ ਇਸ ਵਕਤ ਇਸ ਕੇਂਦਰ ਦੀ ਸਥਿਤੀ ਵੀ ਕੋਈ ਬਹੁਤੀ ਵਧੀਆ ਨਹੀਂ ਹੈ।

" ਹੁਣ ਤੱਕ ਦੂਰਦਰਸ਼ਨ ਕੇਂਦਰ ਹਜ਼ਾਰਾਂ ਨਾਟਕ ਪ੍ਰਸਾਰਿਤ ਕਰ ਚੁੱਕਾ ਹੈ । ਦੂਰਦਰਸ਼ਨ ਤੋਂ ਇਲਾਵਾ ਹੋਰ ਕਿਸੇ ਪੰਜਾਬੀ ਚੈਨਲ ਨੇ ਅਜਿਹੇ ਉਪਰਾਲੇ ਨਹੀਂ ਕੀਤੇ, ਕਿਉਂਕਿ ਇਹ ਵਿਧਾ ਇਕ ਪਾਸੇ ਬਹੁਤ ਖਰਚੀਲੀ ਹੈ , ਦੂਜੇ ਪਾਸੇ ਧਿਆਨ ਅਤੇ ਮਿਹਨਤ ਦੀ ਮੰਗ ਵੀ ਕਰਦੀ ਹੈ। ਕਈ ਸਾਲਾਂ ਤੋਂ ਦੂਰਦਰਸ਼ਨ ਨੇ ਵੀ ਨਾਟਕ ' ਤੇ ਕੰਮ ਕਰਨਾ ਬੰਦ ਕਰ ਦਿੱਤਾ ਹੈ।

ਪੇਸ਼ੇਵਾਰਾਨਾ ਪਹੁੰਚ ਦੀ ਅਣਹੋਂਦ , ਕਥਾਨਕ ਦਾ ਉਪਲਬਧ ਨਾ ਹੋਣਾ, ਸਰਕਾਰੀ ਨੀਤੀਆਂ ਅਤੇ ਮੁਕਾਬਲੇ ਦੀ ਅਣਹੋਂਦ ਆਦਿ ਅਜਿਹੇ ਕਾਰਨ ਹਨ ਜਿਹੜੇ ਪੰਜਾਬੀ ਟੀ ਵੀ ਨਾਟਕ ਦੀ ਵਰਤਮਾਨ ਸਥਿਤੀ ਲਈ ਜ਼ਿੰਮੇਵਾਰ ਹਨ ।
ਪੰਜਾਬੀ ਟੈਲੀਵਿਜ਼ਨ ਨਾਟਕ ਦੀ ਮੁੜ ਸੁਰਜੀਤੀ ਲਈ ਵੱਡੀ ਪੱਧਰ ਤੇ ਲੰਮੇ ਲੜੀਵਾਰ ਬਣਾਉਣ ਦੀ ਲੋੜ ਹੈ। ਪੰਜਾਬੀ ਟੈਲੀਵਿਜ਼ਨ ਨਾਟਕ ਇਸ ਪੱਖੋਂ ਪੱਛੜ ਗਿਆ ਹੈ।" 15

**ਹਵਾਲੇ ਅਤੇ ਟਿੱਪਣੀਆਂ**


1. ਪ੍ਰੋ.ਕੁਲਬੀਰ ਸਿੰਘ, ਦੂਰਦਰਸ਼ਨ ਜਲੰਧਰ ਇਤਿਹਾਸ ਅਤੇ ਵਿਕਾਸ, ਲੋਕ ਗੀਤ ਪ੍ਰਕਾਸ਼ਨ, 2011, ਪੰਨਾ –70
2. ਖੋਜ਼ ਪੱਤ੍ਰਿਕਾ , ਨਾਟਕ ਵਿਸ਼ੇਸ਼ ਅੰਕ, ਪੰਨਾ ਨੰਬਰ -1
3. ਪਰਮਜੀਤ ਕੌਰ ਨੂਰ , ਪੰਜਾਬੀ ਨਾਟਕ, ਇਤਿਹਾਸ ਅਤੇ ਪ੍ਰਵਿਰਤੀਆਂ, ਪੰਨਾਂ –5
4. ਸੰਪਾਦਕ ਜਸਬੀਰ ਸਿੰਘ ,ਕੇਸਰ ਸਿੰਘ ਕੇਸਰ , ਨਾਟ ਚਿੰਤਨ , ਪੰਨਾ -6
5. Marjori Boulton tha anatomy of drama p. – 25.
6. Voldo Abbot, hand book of broad casting p.118
7. ਡਾ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ ਸਰੂਪ ਸਿਧਾਂਤ ਤੇ ਵਿਕਾਸ , ਪੰਨਾ - 174
8. ਡਾ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ ਸਰੂਪ ਸਿਧਾਂਤ ਤੇ ਵਿਕਾਸ , ਪੰਨਾ - 176
9. ਡਾ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ ਸਰੂਪ ਸਿਧਾਂਤ ਤੇ ਵਿਕਾਸ , ਪੰਨਾ - 176
10. J.L.STYAN. TELEVISION DRAMA P.186
11. ਡਾ. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ ਸਰੂਪ ਸਿਧਾਂਤ ਤੇ ਵਿਕਾਸ , ਪੰਨਾ - 182
12. ਪ੍ਰੋ.ਕੁਲਬੀਰ ਸਿੰਘ, ਦੂਰਦਰਸ਼ਨ ਜਲੰਧਰ ਇਤਿਹਾਸ ਅਤੇ ਵਿਕਾਸ, ਲੋਕ ਗੀਤ ਪ੍ਰਕਾਸ਼ਨ, 2011, ਪੰਨਾ -71
13. ਉਹੀ –ਪੰਨਾ -85
14. ਉਹੀ –ਪੰਨਾ -85
15. ਪ੍ਰੋ.ਕੁਲਬੀਰ ਸਿੰਘ ਰੋਜ਼ਾਨਾ ਪੰਜਾਬੀ ਅਜੀਤ , ਜਲੰਧਰ, ਮਿੱਤੀ 12 ਅਕਤੂਬਰ 2015

# ਭਾਰਤੀ ਦਰਸ਼ਨ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ

**ਪ੍ਰਭਜੀਤ ਕੌਰ**
ਰਿਸਰਚ ਸਕਾਲਰ,
ਗੁਰੂ ਨਾਨਕ ਸਿੱਖ ਅਧਿਐਨ ਵਿਭਾਗ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

***ਐਬਸਟ੍ਰੈਕਟ***

*ਮੱਧਕਾਲੀਨ ਭਾਰਤੀ-ਸਾਹਿੱਤ ਨੇ ਅਜੋਕੇ ਸਮੇਂ ਨੂੰ ਦਰਸ਼ਨ ਅਤੇ ਅਧਿਆਤਮ ਦੀ ਇੱਕ ਅਦੁੱਤੀ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਪ੍ਰਦਾਨ ਕੀਤੀ ਹੈ ਜਿਸ ਵਿਚਲੀ ਵਿਚਾਰਧਾਰਾ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨਿਆ। ਭਾਰਤੀ ਦਰਸ਼ਨ-ਪਰੰਪਰਾ ਦੀ ਲੀਕ ਤੋਂ ਹੱਟ ਕੇ ਸਿਰਜੀ ਗਈ ਇਹ ਵਿਚਾਰਧਾਰਾ ਭਾਵੇਂ ਅਤਿ ਪ੍ਰਮਾਣਿਕ ਕਾਵਿਕ-ਰੂਪ ਵਿੱਚ ਪ੍ਰਵਾਹਿਤ ਹੁੰਦੀ ਹੈ ਪ੍ਰੰਤੂ ਮੂਲ ਰੂਪ ਵਿੱਚ ਇਹ ਦਾਰਸ਼ਨਿਕ-ਚਿੰਤਨ ਅਤੇ ਧਾਰਮਿਕ-ਚੇਤਨਾ ਨਾਲ ਸੰਬੰਧਤ ਹੈ। ਦਰਸ਼ਨ ਅਤੇ ਧਰਮ ਦੀ ਰਲਗੱਡਤਾ ਅਸਲ ਵਿੱਚ ਸਮੁੱਚੀ ਭਾਰਤੀ ਦਾਰਸ਼ਨਿਕ ਪਰੰਪਰਾ ਦਾ ਸਾਂਝਾ ਲੱਛਣ ਹੈ ਕਿਉਂਕਿ ਭਾਰਤੀ ਦਾਰਸ਼ਨਿਕ ਜੀਵ ਅਤੇ ਜਗਤ ਦਾ ਸੰਬੰਧ ਪਰਾਭੌਤਿਕ ਨਾਲ ਮੰਨਦੇ ਹਨ। ਨਾਨਕ-ਬਾਣੀ ਇਸ ਦਾਰਸ਼ਨਿਕ ਪਰਿਪੇਖ ਰਾਹੀਂ ਕੇਵਲ ਧਾਰਮਿਕ ਵਿਚਾਰ ਬਿਆਨ ਹੀ ਨਹੀਂ ਕਰਦੀ, ਸਗੋਂ ਇਨ੍ਹਾਂ ਨੂੰ ਅਮਲ ਦੀ ਸੇਧ ਤਰਕਸੰਗਤ ਯੁਗਤੀ ਰਾਹੀਂ ਦਿੰਦੀ ਹੈ।*

ਮੱਧਕਾਲੀਨ ਭਾਰਤੀ-ਸਾਹਿੱਤ ਨੇ ਅਜੋਕੇ ਸਮੇਂ ਨੂੰ ਦਰਸ਼ਨ ਅਤੇ ਅਧਿਆਤਮ ਦੀ ਇੱਕ ਅਦੁੱਤੀ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਪ੍ਰਦਾਨ ਕੀਤੀ ਹੈ ਜਿਸ ਵਿਚਲੀ ਵਿਚਾਰਧਾਰਾ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨਿਆ। ਭਾਰਤੀ ਦਰਸ਼ਨ-ਪਰੰਪਰਾ ਦੀ ਲੀਕ ਤੋਂ ਹੱਟ ਕੇ ਸਿਰਜੀ ਗਈ ਇਹ ਵਿਚਾਰਧਾਰਾ ਭਾਵੇਂ ਅਤਿ ਪ੍ਰਮਾਣਿਕ ਕਾਵਿਕ-ਰੂਪ ਵਿੱਚ ਪ੍ਰਵਾਹਿਤ ਹੁੰਦੀ ਹੈ ਪ੍ਰੰਤੂ ਮੂਲ ਰੂਪ ਵਿੱਚ ਇਹ ਦਾਰਸ਼ਨਿਕ-ਚਿੰਤਨ ਅਤੇ ਧਾਰਮਿਕ-ਚੇਤਨਾ ਨਾਲ ਸੰਬੰਧਤ ਹੈ। ਦਰਸ਼ਨ ਅਤੇ ਧਰਮ ਦੀ ਰਲਗੱਡਤਾ ਅਸਲ ਵਿੱਚ ਸਮੁੱਚੀ ਭਾਰਤੀ ਦਾਰਸ਼ਨਿਕ ਪਰੰਪਰਾ ਦਾ ਸਾਂਝਾ ਲੱਛਣ ਹੈ ਕਿਉਂਕਿ ਭਾਰਤੀ ਦਾਰਸ਼ਨਿਕ ਜੀਵ ਅਤੇ ਜਗਤ ਦਾ ਸੰਬੰਧ ਪਰਾਭੌਤਿਕ ਨਾਲ ਮੰਨਦੇ ਹਨ। ਨਾਨਕ-ਬਾਣੀ ਇਸ ਦਾਰਸ਼ਨਿਕ ਪਰਿਪੇਖ ਰਾਹੀਂ ਕੇਵਲ ਧਾਰਮਿਕ ਵਿਚਾਰ ਬਿਆਨ ਹੀ ਨਹੀਂ ਕਰਦੀ, ਸਗੋਂ ਇਨ੍ਹਾਂ ਨੂੰ ਅਮਲ ਦੀ ਸੇਧ ਤਰਕਸੰਗਤ ਯੁਗਤੀ ਰਾਹੀਂ ਦਿੰਦੀ ਹੈ। 'ਭਾਰਤੀ ਦਰਸ਼ਨ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਯੋਗਦਾਨ' ਵਿਸ਼ੇ ਤੇ ਚਰਚਾ ਕਰਦਿਆਂ ਅਸੀਂ ਸਭ ਤੋਂ ਪਹਿਲਾਂ ਦਰਸ਼ਨ ਦੇ ਸਰੂਪ ਨੂੰ ਸਮਝਦੇ ਹੋਏ ਭਾਰਤੀ ਦਰਸ਼ਨ ਦੇ ਇਤਿਹਾਸ ਦਾ ਸੰਖੇਪ ਖ਼ੁਲਾਸਾ ਅਤੇ ਵਰਗੀਕਰਣ ਕਰਦੇ ਹਾਂ ਅਤੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਬਾਣੀ ਦੇ ਬਿਓਰੇ ਦਾ ਝਲਕਾਰਾ ਲੈਂਦੇ ਹੋਏ 'ਭਾਰਤੀ ਦਰਸ਼ਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ' ਸਿਰਲੇਖ ਹੇਠ ਭਾਰਤੀ-ਚਿੰਤਨ ਪਰੰਪਰਾ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪਾਏ ਗਏ ਵਿਲੱਖਣ ਯੋਗਦਾਨ ਦੀ ਗੱਲ ਕਰਦੇ ਹਾਂ।

ਦਰਸ਼ਨ ਜੀਵਨ ਤੇ ਜਗਤ ਦੀ ਤਰਕਸੰਗਤ ਵਿਆਖਿਆ ਕਰਦਾ ਹੈ। ਇਹ ਮਾਨਵ ਚੇਤਨਾ ਵਿੱਚ ਪ੍ਰਤੀਬਿੰਬਤ ਹੁੰਦੇ ਯਥਾਰਥ ਨੂੰ ਯੋਜਨਾਬੱਧ ਕਰਕੇ ਸਮਝਾਉਣ ਦਾ ਉਪਰਾਲਾ ਕਰਦਾ ਹੈ। ਭਾਰਤੀ ਦਰਸ਼ਨ ਆਦਿਕਾਲ ਤੋਂ ਹੀ ਮਨੁੱਖ ਨੂੰ ਭੌਤਿਕ ਅਤੇ ਅਧਿਆਤਮਿਕ ਸੇਧ ਦਿੰਦਾ ਆਇਆ ਹੈ। ਮਾਨਵੀ-ਸੂਝ ਦੇ ਉਦੈ-ਕਾਲ ਤੋਂ ਹੀ ਮਨੁੱਖ ਕਿਸੇ ਅਜਿਹੀ ਜੀਵਨ-ਜਾਚ ਦੀ ਭਾਲ ਵਿੱਚ ਰਿਹਾ ਹੈ ਜਿਸ ਦੇ ਆਧਾਰ ਤੇ ਉਹ ਦੁੱਖ ਅਤੇ ਭੈ ਤੋਂ ਮੁਕਤ ਸੁਖੀ ਜੀਵਨ ਬਤੀਤ ਕਰ ਸਕਦਾ। ਭਾਰਤੀ ਜਨਤਾ ਨੇ ਪ੍ਰਤੱਖ ਜਾਂ ਅਪ੍ਰਤੱਖ ਕਿਸੇ ਨਾ ਕਿਸੇ ਰੂਪ ਵਿੱਚ ਅਵਿਅਕਤ ਦੀ ਹੋਂਦ ਨੂੰ ਕਬੂਲਿਆ। ਹੋਂਦ ਨੂੰ ਕਬੂਲਣ ਦੀ ਭਾਵਨਾ ਨੇ ਹੀ ਉਸਨੂੰ ਇਹ ਖਾਸ ਤਰ੍ਹਾਂ ਦੀ ਜੀਵਨ-ਦ੍ਰਿਸ਼ਟੀ ਪ੍ਰਦਾਨ ਕੀਤੀ। ਇਸ ਤਰਾਂ ਇੱਥੋਂ ਦੀ ਸੰਸਕ੍ਰਿਤੀ ਦਾ ਮੂਲ ਸੋਮਾ ਅਧਿਆਤਮ ਬਣਿਆ। ਅਧਿਆਤਮ ਦਾ ਹੀ ਅਮਲੀ ਰੂਪ ਧਰਮ ਹੈ ਜੋ ਕਿ ਆਦਿ ਜੁਗਾਦਿ ਤੋਂ ਭਾਰਤੀ ਜੀਵਨ ਨੂੰ ਪ੍ਰਭਾਵਿਤ ਕਰਦਾ ਹੋਇਆ ਇੱਥੋਂ ਦੀ ਜਨਤਾ ਦੇ ਮਨ ਵਿੱਚ ਆਪਣੀ ਸਦੀਵੀਂ ਥਾਂ ਬਣਾ ਸਕਿਆ ਹੈ।

ਭਾਰਤੀ ਦਰਸ਼ਨ ਬੁਨਿਆਦੀ ਤੌਰ ਤੇ 'ਧਰਮ ਦਾ ਫਲਸਫਾ' ਹੈ। ਧਰਮ ਅਤੇ ਦਰਸ਼ਨ ਦੋਵੇਂ ਹੀ 'ਪਰਮ-ਤੱਤ' ਦੀ ਖੋਜ ਕਰਦੇ ਹਨ ਪ੍ਰੰਤੂ ਦਰਸ਼ਨ ਬੌਧਿਕ ਸੰਤੁਸ਼ਟੀ ਲਈ ਕਰਦੇ ਹਨ, ਧਰਮ ਆਤਮਿਕ ਸੰਤੁਸ਼ਟੀ ਲਈ ਕਰਦੇ ਹਨ। ਭਾਰਤੀ ਦਰਸ਼ਨ ਨੇ ਸਿਧਾਂਤਕ ਚਿੰਤਨ ਦੁਆਰਾ ਧਰਮ ਦੀ ਉਚਾਈ ਨੂੰ ਬੌਧਿਕ ਆਧਾਰ ਪ੍ਰਦਾਨ ਕੀਤਾ ਹੈ। ਦਾਰਸ਼ਨਿਕਤਾ ਦੀ ਘਾਟ ਨਾਲ ਧਰਮ ਵਿੱਚ ਅੰਧ-ਵਿਸ਼ਵਾਸ ਤੇ ਰੂੜ੍ਹੀਵਾਦ ਪੈਦਾ ਹੋ ਜਾਂਦਾ ਹੈ। ਅਸਲ ਵਿੱਚ ਧਰਮ ਸ਼ਰਧਾ, ਵਿਸ਼ਵਾਸ ਅਤੇ ਆਤਮ-ਸਮਰਪਣ ਦਾ ਅਜਿਹਾ ਵਿਵਹਾਰ ਹੈ ਜਿਸ ਨੂੰ ਸਹੀ ਦਿਸ਼ਾ ਦੇਣ ਵਾਲਾ ਦਾਰਸ਼ਨਿਕ ਵਿਚਾਰ ਬਹੁਤ ਪ੍ਰਕਾਸ਼ਮਈ ਹੋਣਾ ਚਾਹੀਦਾ ਹੈ। ਭਾਰਤੀ ਦਾਰਸ਼ਨਿਕ ਸ਼੍ਰੀ ਅਰਵਿੰਦੋ ਘੋਸ਼ ਦਾ ਕਹਿਣਾ ਹੈ:-

"ਇੱਕ ਧਰਮ ਜੋ ਦਾਰਸ਼ਨਿਕ ਸੱਚ (ਗਿਆਨ) ਦੀ ਅਭਿਵਿਅਕਤੀ ਨਹੀਂ ਹੈ, ਅੰਧ-ਵਿਸ਼ਵਾਸ ਅਤੇ ਰੂੜ੍ਹੀ ਦੇ ਪੱਧਰ ਤੇ ਉਤਰ ਆਉਂਦਾ ਹੈ ਅਤੇ ਇੱਕ ਦਰਸ਼ਨ ਜੋ ਧਾਰਮਿਕ ਚੇਤਨਾ ਤੋਂ ਜੀਵਨ ਗ੍ਰਹਿਣ ਨਹੀਂ ਕਰਦਾ, ਇੱਕ ਥੋਥਾ ਪ੍ਰਕਾਸ਼ ਹੈ ਕਿਉਂਕਿ ਉਹ ਆਪਣੇ ਆਪ ਨੂੰ ਵਿਵਹਾਰ ਵਿੱਚ ਨਹੀਂ ਉਤਾਰ ਸਕਦਾ।"

ਸਦੀਆਂ ਤੋਂ ਭਾਰਤੀ ਦਰਸ਼ਨ ਪ੍ਰਮਾਤਮਾ, ਜੀਵਨ ਅਤੇ ਜਗਤ ਨਾਲ ਸੰਬੰਧਿਤ ਬੁਨਿਆਦੀ ਤੱਤਾਂ ਦੀ ਖੋਜ ਵਿੱਚ ਗ੍ਰੰਥਾਂ ਦੀ ਰਚਨਾ ਕਰਦਾ ਰਿਹਾ ਹੈ। ਭਾਰਤੀ ਦਰਸ਼ਨ ਦਾ ਆਦਿ ਸ੍ਰੋਤ ਨਿਸ਼ਚਿਤ ਤੌਰ ਤੇ ਵੇਦਾਂ ਨੂੰ ਮੰਨਿਆ ਜਾਂਦਾ ਹੈ। ਵੇਦ ਨਾਂ ਕੇਵਲ ਭਾਰਤੀ ਦਰਸ਼ਨ ਦੇ ਸ੍ਰੋਤ ਹਨ ਸਗੋਂ ਜੀਵਨ ਦੀ ਅਗਵਾਈ ਲਈ ਵਿਸ਼ਵ ਸਾਹਿਤ ਦਾ ਸਭ ਤੋਂ ਪੁਰਾਤਨ ਗ੍ਰੰਥ ਵੀ ਮੰਨੇ ਜਾਂਦੇ ਹਨ। ਇਨ੍ਹਾਂ ਦੀ ਰਚਨਾ ਰੱਬੀ ਜਾਂ ਦੈਵੀ ਪ੍ਰੇਰਨਾ ਦੇ ਆਧਾਰ ਤੇ ਰਿਸ਼ੀਆਂ ਨੇ ਕੀਤੀ। ਵੇਦ ਦੀ ਰਚਨਾ ਤੋਂ ਮਗਰੋਂ ਉਸ ਨੂੰ ਸਰਲ ਅਤੇ ਸਪਸ਼ਟ ਕਰਨ ਲਈ ਚਾਰ ਵੇਦ ਸਹਿੰਤਾਂਵਾਂ, ਕਈ ਬ੍ਰਾਹਮਣ ਗ੍ਰੰਥ, ਅਨੇਕਾਂ ਆਰਣਯਕ ਗ੍ਰੰਥ, ਬੇਅੰਤ ਉਪਨਿਸ਼ਦ ਅਤੇ ਦਰਸ਼ਨ-ਸ਼ਾਸਤਰ ਰਚੇ ਗਏ। ਉੱਤਰ-ਵੈਦਿਕ ਕਾਲ ਵਿੱਚ ਲਗਭਗ 600 ਈ: ਪੂ: ਤੋਂ 200 ਈ: ਪੂ: ਤੱਕ ਦੇ ਸਮੇਂ ਵਿੱਚ ਇਸ ਵੈਦਿਕ ਸਾਹਿਤ ਤੋਂ ਜੋ ਛੇ ਦਰਸ਼ਨ-ਸ਼ਾਸਤਰ ਹੋਂਦ ਵਿੱਚ ਆਏ, ਉਨ੍ਹਾਂ ਨੂੰ 'ਖਟਦਰਸ਼ਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਵੇਦਾਂ ਤੇ ਆਧਾਰਿਤ ਇਸ ਵਿਆਖਿਆ-ਕ੍ਰਮ ਨੂੰ ਹੇਠ ਲਿਖੇ ਅਨੁਸਾਰ ਸਮਝਿਆ ਜਾ ਸਕਦਾ ਹੈ:-

**ਵੇਦ → ਬ੍ਰਾਹਮਣ → ਆਰਣਯਕ → ਉਪਨਿਸ਼ਦ → ਦਰਸ਼ਨ ਸ਼ਾਸਤਰ**

ਭਾਰਤੀ-ਦਰਸ਼ਨ ਦੀਆਂ ਸ਼ਾਖਾਵਾਂ ਵਿੱਚ ਅਨੇਕਾਂ ਅਵੈਦਿਕ ਮਤਾਂ ਵਾਲੇ ਦਰਸ਼ਨ ਜਿਵੇਂ ਕਿ ਚਾਰਵਾਕ ਦਰਸ਼ਨ, ਬੌਧ-ਦਰਸ਼ਨ, ਜੈਨ ਦਰਸ਼ਨ ਵੀ ਹਨ। ਰਮਾਇਣ, ਮਹਾਭਾਰਤ ਅਤੇ ਭਾਗਵਤ ਗੀਤਾ ਨੇ ਆਪਣੇ ਮਰਯਾਦਾ-ਭਰਪੂਰ ਅਤੇ ਨਿਸ਼ਕਾਮ ਕਰਮ-ਯੋਗ ਦਾ ਫਲਸਫਾ ਭਾਰਤੀ ਦਰਸ਼ਨ ਨੂੰ ਪ੍ਰਦਾਨ ਕੀਤਾ।ਇੱਥੇ ਹੀ ਬਸ ਨਹੀਂ ਸ਼ੰਕਰਾਚਾਰੀਆ, ਰਾਮਾਨੁਜ ਆਚਾਰੀਆ, ਨਿੰਬਾਰਕ ਆਚਾਰੀਆ, ਮੱਧਵਾਚਾਰੀਆ ਅਤੇ ਵੱਲਭਾਚਾਰੀਆ ਆਦਿ ਵਿਦਵਾਨ ਦਾਰਸ਼ਨਿਕਾਂ ਨੇ ਆਪਣੀਆਂ ਬੌਧਿਕ ਵਿਆਖਿਆਵਾਂ ਨਾਲ ਅਦਵੈਤ, ਵਿਸ਼ਸ਼ਟਾਦਵੈਤ, ਦਵੈਤ, ਦਵੈਤ-ਅਦਵੈਤ ਅਤੇ

ਸ਼ੁੱਧਾਦਵੈਤ ਆਦਿ ਦਰਸ਼ਨ ਭਾਰਤੀ ਜਨਤਾ ਨੂੰ ਦੇ ਕੇ ਉਸ ਅਵਿਅਕਤ ਦੀ ਹੋਂਦ ਨੂੰ ਸਪਸ਼ਟ ਕਰਨ ਦਾ ਯਤਨ ਕੀਤਾ ਪ੍ਰੰਤੂ ਇਹ ਸਾਰਾ ਸਾਹਿਤ ਅਤੇ ਦਰਸ਼ਨ-ਸ਼ਾਸਤਰ ਉਸ ਅਲੱਖ ਪ੍ਰਮਾਤਮਾ ਦੇ ਦਰਸ਼ਨ ਕਰਵਾ ਸਕਣ ਵਿੱਚ ਅਸਮਰੱਥ ਹੀ ਰਿਹਾ। ਮਨੁੱਖੀ-ਹੋਂਦ ਦੇ ਸਿਰਜਣਹਾਰ ਨੂੰ ਵੇਖਣ, ਸਮਝਣ ਅਤੇ ਪ੍ਰਾਪਤ ਕਰਨ ਲਈ ਬਿਹਬਲ ਮਨੁੱਖੀ ਚੇਤਨਾ ਨੂੰ 15ਵੀਂ ਸਦੀ ਵਿੱਚ ਭਾਰਤ ਦੇ ਮਹਾਨ ਕ੍ਰਾਂਤੀਕਾਰੀ ਦਾਰਸ਼ਨਿਕ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਸਮਾਜਿਕ, ਸੱਭਿਆਚਾਰਕ ਅਤੇ ਅਧਿਆਤਮਕ ਚੇਤਨਾ ਦਾ ਨਿਰੀਖਣ ਕਰਕੇ ਇੱਕ ਅਜਿਹਾ ਦਰਸ਼ਨ-ਸ਼ਾਸਤਰ ਦਿੱਤਾ ਜਿਸ ਨੇ ਮਨੁੱਖੀ-ਬੌਧਿਕ ਸਮੁੰਦਰ ਵਿੱਚ ਉੱਠ ਰਹੀਆਂ ਲਹਿਰਾਂ ਨੂੰ ਠੱਲ ਪਾਈ ਜਾਂ ਇੰਝ ਕਹਿ ਲਿਆ ਜਾਵੇ ਕਿ ਭਾਰਤੀ ਦਰਸ਼ਨ ਰੂਪੀ ਅਥਾਹ ਸਮੁੰਦਰ ਨੂੰ ਕੁੱਜੇ ਵਿੱਚ ਭਰਨ ਦਾ ਸ਼ਲਾਘਾਯੋਗ ਕਾਰਜ ਕੀਤਾ।

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿੱਚ 974 ਸ਼ਬਦਾਂ ਅਤੇ ਸ਼ਲੋਕਾਂ ਦੀ ਰਚਨਾ ਕੀਤੀ। ਇਨ੍ਹਾਂ ਤੋਂ ਇਲਾਵਾ ਜਪੁਜੀ, ਪੱਟੀ, ਬਾਰਹ-ਮਾਹ, ਦੱਖਣੀ ਓਅੰਕਾਰ ਅਤੇ ਆਸਾ ਦੀ ਵਾਰ ਆਦਿ ਆਪ ਜੀ ਦੀਆਂ ਲੰਬੀਆਂ ਤੇ ਹਰਮਨ ਪਿਆਰੀਆਂ ਬਾਣੀਆਂ ਹਨ। ਸਿੱਖ ਧਰਮ ਦੇ ਧਰਮ-ਗ੍ਰੰਥ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਢ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਾਲ ਹੀ ਬੱਝਦਾ ਹੈ ਜੋ ਕਿ ਰੱਬੀ-ਇਲਹਾਮ ਦੇ ਰੂਪ ਵਿੱਚ ਆਪ ਦੇ ਹਿਰਦੇ ਵਿੱਚ ਉਤਰੀ ਅਤੇ ਆਪ ਨੇ ਜਿਉਂ ਦੇ ਤਿਉਂ ਉਸ ਨੂੰ ਆਪਣੀ ਲਿਖਤੀ ਬਾਣੀ ਦੇ ਰੂਪ ਵਿੱਚ ਸਾਂਭਿਆ। ਮਗਰੋਂ ਆਪ ਦੇ ਉੱਤਰਾਧਿਕਾਰੀਆਂ ਨੇ ਆਪ ਵੱਲੋਂ ਸਿਰਜੇ ਗਏ ਸਿਧਾਂਤਾਂ ਦੀ ਵਿਆਖਿਆ ਕਰਦੇ ਹੋਏ ਨਾਨਕ-ਨਾਮ ਦੀ ਮੋਹਰ ਹੇਠਾਂ ਹੋਰ ਬਾਣੀ ਰਚ ਕੇ ਲਿਖਤੀ ਰੂਪ ਵਿੱਚ ਸਾਂਭੀ। ਇਸ ਤਰ੍ਹਾਂ ਜਿਸ ਗੁਰਮਤਿ ਵਿਚਾਰਧਾਰਾ ਦਾ ਪ੍ਰਾਰੰਭ ਨਾਨਕ-ਬਾਣੀ ਨਾਲ ਹੋਇਆ ਅਤੇ ਹੋਰ ਸਿੱਖ-ਗੁਰੂ ਸਾਹਿਬਾਨ ਨੇ ਜਿਸ ਨੂੰ ਨਿਰੰਤਰ ਅੱਗੇ ਤੋਰੀ ਰੱਖਿਆ ਉਹ ਭਾਰਤੀ ਦਰਸ਼ਨ-ਪਰੰਪਰਾ ਦੀ ਲੀਕ ਤੋਂ ਹੱਟ ਕੇ ਸਿਰਜੀ ਗਈ ਬਾਣੀ ਸੀ। ਉਸੇ ਸਮੇਂ ਦੇ ਕਈ ਹੋਰ ਲਿਖਾਰੀਆਂ ਨੇ ਨਾਨਕ-ਨਾਮ ਹੇਠਾਂ ਆਪਣੀ ਬੇਅੰਤ ਰਚਨਾ ਇਸ ਵਿੱਚ ਰਲਾਉਣ ਲਈ ਤਿਆਰ ਕਰ ਛੱਡੀ ( ਇਹ ਰਚਨਾਵਾਂ ਪ੍ਰਾਣ-ਸੰਗਲੀ, ਜੋਗ ਸਿੱਧ ਬਾਬਾ ਨਾਨਕ ਜੀ ਦੀ, ਯੋਗ ਮਾਰਗ, ਸੋਰਠ ਕੀ ਵਾਰ, ਰਾਮਕਲੀ ਰਤਨ-ਮਾਲਾ, ਬਿਹੰਗਮ ਬਾਣੀ, ਗਉੜੀ ਪੂਰਬੀ ਬਾਵਨ ਅੱਖਰੀ, ਕੱਕੜ ਵਿਚਾਰ, ਭੋਗਲ ਪੁਰਾਣ, ਤਿਲੰਗ ਕੀ ਵਾਰ, ਗਿਆਨ ਸਰੋਦ, ਨਸੀਹਤ ਨਾਮੇ, ਹਾਜ਼ਰਨਾਮਾ, ਪਾਕਿ ਨਾਮਾ, ਕਰਨੀ ਨਾਮਾ, ਸੀਹਰਫੀਆਂ, ਰਤਨਮਾਲਾ, ਮਲਿਆਰ ਨਾਲ ਗੋਸ਼ਟ ਆਦਿ ਹਨ) ਜਿਸ ਨੂੰ ਪੰਜਵੇਂ ਸਿੱਖ-ਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਮਤਿ ਵਿਚਾਰਧਾਰਾ ਦੀ ਕਸਵੱਟੀ ਤੇ ਪਰਖ ਕੇ ਨਿਖੇੜਿਆ।ਗੁਰਮਤਿ ਕਾਵਿ ਕਸਵੱਟੀ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਪੂਰਨ ਅਖੰਡ ਰੂਪ ਵਿੱਚ ਉਹੀ ਹੈ ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਹੈ। 6 ਗੁਰੂ-ਸਾਹਿਬਾਨ ਦੀ ਬਾਣੀ ਤੋਂ ਇਲਾਵਾ ਨਾਨਕ ਵਿਚਾਰਧਾਰਾ ਨਾਲ ਮੇਲ ਖਾਂਦੀਆਂ 15 ਭਗਤਾਂ, 11 ਭੱਟਾਂ ਅਤੇ 4 ਗੁਰਸਿੱਖਾਂ ਦੀਆ ਅਧਿਆਤਮਿਕ ਰਚਨਾਵਾਂ ਨੂੰ ਇਸ ਅਦੁੱਤੀ ਅਤੇ ਵਿਲੱਖਣ ਗ੍ਰੰਥ ਵਿੱਚ ਯਥਾਯੋਗ ਥਾਂ ਤੇ ਦਰਜ਼ ਕੀਤਾ ਗਿਆ ਹੈ। ਇਸ ਪ੍ਰਕਾਰ ਮੱਧਕਾਲੀ ਭਾਰਤੀ-ਦਰਸ਼ਨ ਦੇ ਇਤਿਹਾਸ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਰਤੀ ਅਧਿਆਤਮਿਕ ਅਤੇ ਦਾਰਸ਼ਨਿਕ ਵਿਚਾਰਧਾਰਾ ਦੇ ਸੱਚੇ ਪ੍ਰਤੀਨਿਧ ਬਣੇ।




**ਭਾਰਤੀ ਦਰਸ਼ਨ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ:-**

ਭਾਰਤੀ ਦਰਸ਼ਨ ਦੇ ਵਰਗੀਕਰਣ ਵਿੱਚ ਸਿੱਖ-ਧਰਮ ਦਰਸ਼ਨ ਦਾ ਸਥਾਨ ਇੱਕ ਵੱਡੇ ਪਰਿਵਾਰ ਦੇ ਇੱਕ ਮੈਂਬਰ ਦੇ ਰੂਪ ਵਿੱਚ ਦ੍ਰਿਸ਼ਟੀਗੋਚਰ ਹੋਇਆ ਹੈ।ਇਸ ਪਰਿਵਾਰ ਦੀ ਤਰੱਕੀ ਅਤੇ ਸਮਰਿੱਧੀ ਲਈ ਜੋ ਯੋਗਦਾਨ ਸਿੱਖ ਧਰਮ ਦਰਸ਼ਨ ਦਾ ਰਿਹਾ ਹੈ, ਉਹ ਅਦੁੱਤੀ ਅਤੇ ਸਰਵੋਪਰਿ ਹੈ।

ਵੈਦਿਕ ਦਰਸ਼ਨ ਵਾਂਗ ਨਾਨਕ-ਬਾਣੀ ਦੇ ਵੀ ਦਾਰਸ਼ਨਿਕ ਪਹਿਲੂ ਜਾਂ ਕੇਂਦਰੀ ਤੱਤ - ਬ੍ਰਹਮ, ਜਗਤ ਅਤੇ ਮਨੁੱਖ ਹਨ ਅਤੇ ਇਨ੍ਹਾਂ ਤਿੰਨਾਂ ਤੱਤਾਂ ਦੀ ਵਿਆਖਿਆ ਰਾਹੀਂ ਉਨ੍ਹਾਂ ਨੇ ਯਥਾਰਥ ਦੇ ਸੰਪੂਰਣ ਵਿਸਥਾਰ ਨੂੰ ਸਮਝਾਇਆ ਹੈ। ਭਾਰਤੀ ਦਾਰਸ਼ਨਿਕ ਪਰੰਪਰਾ ਅਨੁਸਾਰ ਵੇਦ ਬ੍ਰਹਮਾ ਦੇ ਮੁਖੋਂ ਉਚਾਰੇ ਗਏ ਮੰਤ੍ਰ ਹਨ ਪ੍ਰੰਤੂ ਖੁਦ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਆਦਿ ਤੇਤੀ ਕਰੋੜ ਦੇਵਤੇ ਪ੍ਰਮਾਤਮਾ ਦੀ ਰਚਨਾ ਦਾ ਭੇਦ ਨਾ ਪਾ ਸਕੇ। ਨਾਨਕ-ਬਾਣੀ ਇਹ ਸਪਸ਼ਟ

ਕਰਦੀ ਹੈ ਕਿ ਬ੍ਰਹਮ ਅਸਲ ਵਿੱਚ ਮਨੁੱਖ ਦੀ ਬੌਧਿਕ ਪਹੁੰਚ ਦਾ ਵਿਸ਼ਾ ਨਹੀਂ ਬਣ ਸਕਦਾ। ਇਹ ਰਹੱਸ ਅਤੇ ਵਿਸਮਾਦ ਦਾ ਹੀ ਵਿਸ਼ਾ ਹੈ। ਦਲੀਲ ਨਾਲ ਸਮਝਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲ ਨਹੀ ਕੀਮਤਿ ਪਾਈ॥
ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ॥
ਦਸ ਅਉਤਾਰ ਰਾਜੇ ਹੋਏ ਵਰਤੇ ਮਹਾਦੇਵ ਅਉਧੂਤਾ॥
ਤਿਨ ਭੀ ਅੰਤ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ॥[1]

ਬ੍ਰਹਮ ਦੀ ਅਗੋਚਰਤਾ ਸੰਬੰਧੀ ਭਾਂਵੇਂ ਵੈਦਿਕ ਦਰਸ਼ਨ ਵਿੱਚ ਕਈ ਹਵਾਲੇ ਮਿਲਦੇ ਹਨ।ਗੁਰੂ ਨਾਨਕ ਇਸ ਨਾਲ ਇੱਕ ਦਾ ਪ੍ਰਤੀਕ ਲਾ ਕੇ ਇਸ ਦੀ ਲਾਸ਼ਰੀਕੀ ਤੇ ਮੁਹਰ ਲਾ ਦਿੰਦੇ ਹਨ ਅਤੇ ਇਸ ਨੂੰ ਹਿੰਦੂ ਦਾਰਸ਼ਨਿਕਤਾ ਤੋਂ ਨਿਖੇੜ ਦਿੰਦੇ ਹਨ। ਏਕਾ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਅੰਤਿਮ ਹਸਤੀ ਹੈ, ਅਣਹੋਂਦ ਨਹੀਂ ਅਤੇ ਇਹ ਅੰਤਿਮ ਸੱਚਾਈ ਕੇਵਲ ਇੱਕ ਹੈ, ਇਸ ਦਾ ਕੋਈ ਸ਼ਰੀਕ ਨਹੀਂ। ਗੁਰੂ ਨਾਨਕ ਅਨੁਸਾਰ ਬ੍ਰਹਮ ਦੀ ਅਗੰਮਤਾ ਕਰਕੇ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਅਸਲ ਵਿੱਚ ਬ੍ਰਹਮ ਬੌਧਿਕ-ਗਿਆਨ ਦਾ ਵਿਸ਼ਾ ਹੀ ਨਹੀਂ , ਅਨੁਭਵ ਰਾਹੀਂ ਉਸ ਨਾਲ ਤਦਭਵ ਹੋ ਕੇ ਉਸ ਦੀ ਗੰਮਤਾ ਪਛਾਣ ਹੋ ਸਕਦੀ ਹੈ।

(1) ਸੁਣਿ ਵਡਾ ਆਖੈ ਸਭ ਕੋਇ॥
ਕੇਵਡੁ ਵਡਾ ਡੀਠਾ ਹੋਇ॥[2]

(2) ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰਿ ਊਚਾ ਨਾਉ॥
ਏਵਡ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥[3]

ਇਸ ਪ੍ਰਕਾਰ ਗੁਰਬਾਣੀ ਵਿੱਚ ਬਾਰੰਬਾਰ ਇਹ ਕਹਿ ਕੇ ਮਨੁੱਖੀ ਜਗਿਆਸੂ ਬਿਰਤੀ ਨੂੰ ਵਿਅਰਥ ਭਟਕਣਾ ਤੋਂ ਰੋਕਿਆ ਗਿਆ ਹੈ ਕਿ ਜਦੋਂ ਬੇਦ, ਬ੍ਰਹਮਾ, ਅਵਤਾਰ ਅਤੇ ਦੇਵਤੇ ਪ੍ਰਮਾਤਮਾ ਦਾ ਆਦਿ ਅਤੇ ਅੰਤ ਨਹੀਂ ਪਾ ਸਕੇ ਤਾਂ ਸਾਧਾਰਣ ਬੁੱਧੀ ਵਾਲੇ ਮਨੁੱਖ ਨੂੰ ਉਸ ਦਾ ਥਾਹ ਲੱਭਣ ਦੀ ਬਜਾਏ ਉਸ ਦੀ ਰਚੀ ਕੁਦਰਤ ਤੋਂ ਬਲਿਹਾਰ ਜਾਂਦੇ ਹੋਏ ਆਨੰਦ ਮਾਣਨਾ ਚਾਹੀਦਾ ਹੈ। ਇਸ ਦਾ ਕਾਰਣ ਦੱਸਦੇ ਹੋਇ ਗੁਰੂ ਸਾਹਿਬ ਬਿਆਨ ਕਰਦੇ ਹਨ ਕਿ ਜਿਵੇਂ ਅੱਖਾਂ ਆਪਣੇ-ਆਪ ਨੂੰ ਨਹੀਂ ਵੇਖ ਸਕਦੀਆਂ, ਇੱਕ ਪੇੜ ਅਤੇ ਉਸ ਦੀਆਂ ਸ਼ਾਖਾਵਾਂ ਆਪਣੇ ਮੂਲ, ਜੜ੍ਹ ਜਾਂ ਬੀਜ ਨੂੰ ਨਹੀਂ ਵੇਖ ਸਕਦੀਆਂ ਅਤੇ ਜਿਵੇਂ ਸਮੁੰਦਰ ਵਿਚਲੀ ਇੱਕ ਬੂੰਦ ਸਮੁੰਦਰ ਨੂੰ ਨਹੀਂ ਵੇਖ ਸਕਦੀ ਉਸੇ ਤਰ੍ਹਾਂ ਉਸ ਤੋਂ ਉਪਜੀ ਸ੍ਰਿਸ਼ਟੀ ਉਸ ਨੂੰ ਵੇਖਣ ਵਿੱਚ ਕਦੇ ਸਮਰੱਥ ਨਹੀਂ ਹੋ ਸਕਦੀ।

(1) ਲੋਇਣ ਲੋਈ ਡਿਠ ਪਿਆਸ ਬੁਝੈ ਮੂ ਘਣੀ॥
ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥[4]

(2) ਤੂੰ ਪੇਡੁ ਸਾਖ ਤੇਰੀ ਫੂਲੀ॥
ਤੂੰ ਸੂਖਮੁ ਹੋਆ ਅਸਥੂਲੀ॥
ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ॥[5]

ਜਗਤ-ਰਚਨਾ ਸੰਬੰਧੀ ਸਾਂਖ ਅਤੇ ਯੋਗ ਦਰਸ਼ਨ ਸ਼ਾਸਤਰ ਪੁਰਖ ਅਤੇ ਪ੍ਰਕਿਰਤੀ ਨੂੰ ਅਨਾਦਿ ਜਾ ਸ੍ਰਿਸ਼ਟੀ ਦਾ ਮੂਲ-ਤੱਤ ਮੰਨਦੇ ਹਨ। ਗੁਰੂ ਨਾਨਕ 'ਆਸਾ ਦੀ ਵਾਰ' ਵਿੱਚ ਦੱਸਦੇ ਹਨ ਕਿ ਕੇਵਲ ਪੁਰਖੁ ਹੀ ਅਨਾਦਿ ਹੈ,ਪ੍ਰਕਿਰਤੀ ਵੀ ਉਸ ਦੀ ਆਪਣੀ ਰਚੀ ਹੋਈ ਹੈ। ਸਾਰੀ ਸ੍ਰਿਸ਼ਟੀ ਦਾ ਕਰਤਾ ਕੇਵਲ ਉਹ ਅਕਾਲ-ਪੁਰਖੁ ਹੀ ਹੈ:-

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥[6]

ਨਾਨਕ-ਬਾਣੀ ਅਨੁਸਾਰ ਵਿਸ਼ਵ ਦੀ ਅੰਤਿਮ ਹਕੀਕਤ ਚੇਤਨਾ ਅਤੇ ਭਾਵਨਾ-ਰਹਿਤ ਨਿਰਜਿੰਦ ਸੱਤਾ ਨਹੀਂ, ਸਗੋਂ ਸਰਬ-ਗੁਣ ਸੰਪੰਨ ਸ਼ਖ਼ਸ਼ੀ ਰੱਬ ਹੈ ਜੋ ਸ੍ਰਿਸ਼ਟੀ ਦਾ ਕਰਤਾ, ਧਰਤਾ ਤੇ ਹਰਤਾ ਹੈ।ਜੀਵ ਅਸਲ ਵਿੱਚ ਪਰਮ ਸੱਤਾ ਦਾ ਹਿੱਸਾ ਹੀ ਹੈ, ਕਿਉਂ ਕਿ ਉਸ ਨੇ ਆਪ ਹੀ ਜੀਵ ਤੇ ਜਗਤ ਨੂੰ ਪੈਦਾ ਕੀਤਾ ਹੈ:-

ਤੂ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥ [7]

ਵਿਸ਼ਵ-ਰਚਨਾ ਤੋਂ ਪੂਰਬਲੀ , ਬ੍ਰਹਮ ਦੀ ਅਫੁਰ ਅਵਸਥਾ ਦਾ ਨਿਰੂਪਣ ਜੋ ਗੁਰੂ ਨਾਨਕ-ਬਾਣੀ ਵਿੱਚ ਪ੍ਰਾਪਤ ਹੈ, ਉਸ ਦਾ ਦਾਰਸ਼ਨਿਕ ਪੱਧਰ ’ਤੇ ਟਾਕਰਾ ਰਿਗਵੇਦ ਦੇ ਪੁਰਸ-ਸੂਕਤ ਨਾਲ ਸੰਭਵ ਹੈ, ਪਰ ਗੁਰੂ ਨਾਨਕ ਦੇਵ ਜੀ ਇਸ ਤੋਂ ਅਗੇਰੇ ਵਿਸਥਾਰ ਵਿੱਚ ਜਾਂਦੇ ਹਨ।ਮਾਰੂ ਰਾਗ ਦੇ ਸੋਹਲਿਆਂ ਵਿੱਚ ਆਪ ਨੇ ਸ੍ਰਿਸ਼ਟੀ ਰਚਨਾ ਦਾ ਬਹੁਤ ਹੀ ਵਿਸਥਾਰ ਪੂਰਵਕ ਵਰਣਨ ਕੀਤਾ ਹੈ।ਭੌਤਿਕ ਦਰਸ਼ਨ-ਸ਼ਾਸਤਰੀ ਜਦੋਂ ਮਾਦਾ ਨੂੰ ਅਨਾਦੀ ਆਖਦੇ ਹਨ ਤਾਂ ਗੁਰੂ ਸਾਹਿਬ ਆਖਦੇ ਹਨ ਕਿ ਮਾਦਾ ਕਿੱਥੋਂ ਆਇਆ? ਜਦੋਂ ਇਹ ਸ੍ਰਿਸ਼ਟੀ ਨਹੀਂ ਸੀ ਤਾਂ ਪ੍ਰਮਾਤਮਾ ਆਪ ਧੁੰਧੁਕਾਰੇ ਦੇ ਰੂਪ ਵਿੱਚ ਸੀ ਜਿਸ ਨੂੰ ਵਿਗਿਆਨੀ ਆਪਣੇ ‘ਟਾਈਡਲ-ਸਿਧਾਂਤ’ (Tidel-Theory) ਵਿੱਚ ਧੁੰਧਲਕਾ (Nebula) ਆਖਦੇ ਹਨ।

ਅਰਬਦ ਨਰਬਦ ਧੁੰਧੂਕਾਰਾ॥ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ [8]

ਇਵੇਂ ਕਾਦਰ ਦੀ ਕਰਤਾਰੀ ਸ਼ਕਤੀ ਨੇ ਨਾ ਕੇਵਲ ਜਗਤ-ਰਚਨਾ ਹੀ ਕੀਤੀ , ਸਗੋਂ ਇਸ ਵਿੱਚ ਉਹ ਆਪ ਬਿਰਾਜਮਾਨ ਹੋ ਗਿਆ।ਉਸ ਦਾ ਆਤਮ-ਤੱਤ ਸ੍ਰਿਸ਼ਟੀ ਵਿੱਚ ਇੰਞ ਰਚ ਗਿਆ ਜਿਵੇਂ ਕਲਾਕਾਰ ਦੀ ਰੂਹ ਉਸ ਦੀ ਕਲਾਕ੍ਰਿਤ ਵਿੱਚ ਸਮਾ ਜਾਂਦੀ ਹੈ।ਇਸ ਪ੍ਰਕਾਰ ਉਹ ਨਿਰਗੁਣ ਤੋਂ ਸਰਗੁਣ ਰੂਪ ਹੋ ਗਿਆ।ਬ੍ਰਹਮਾ ਸ੍ਰਿਸ਼ਟੀ ਦੀ ਰਚਨਾ ਦਾ ਰਚਨਹਾਰਾ ਜ਼ਰੂਰ ਹੈ, ਪਰ ਖ਼ੁਦਮੁਖ਼ਤਿਆਰ ਨਹੀਂ।ਇਹ ਸ਼ਕਤੀ ਮਾਇਆ ਪਾਸੋਂ ਲੈਂਦਾ ਹੈ।ਨਾਨਕ-ਬਾਣੀ ਵਿੱਚ ਮਾਇਆ ਸਮਰੱਥ ਸ਼ਕਤੀ ਨਹੀਂ, ਜਦੋਂ ਕਿ ਭਾਰਤੀ ਦਰਸ਼ਨ ਵਿੱਚ ਮਾਇਆ ਦੀ ਛਾਇਆ ਨੂੰ ਹੀ ਜਗਤ ਦੱਸਿਆ ਗਿਆ ਹੈ।ਭਾਰਤੀ ਦਰਸ਼ਨ ਵਿੱਚ ਮਾਇਆ ਨੂੰ ਨਿਵੇਕਲਾ ਅਤੇ ਅਧਿਕਾਰ-ਸੰਪੰਨ ਰੁਤਬਾ ਪ੍ਰਾਪਤ ਹੈ। ਨਾਨਕ-ਬਾਣੀ ਨੇ ਭਾਰਤੀ-ਚਿੰਤਨ ਦੀ ਇਸ ਵੇਦਾਂਤਵਾਦੀ ਵਿਚਾਰਧਾਰਾ ਤੋਂ ਨਿਰਾਲਾ ਸਿਧਾਂਤ ਉਜਾਗਰ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦਾ ਫਲਸਫਾ ਹੈ ਕਿ ਮਾਇਆ ਅਨਾਦੀ ਨਹੀਂ ਹੈ, ਇਸ ਦਾ ਆਦਿ ਵੀ ਅਤੇ ਅੰਤ ਵੀ ਹੈ। ਅਨਾਦੀ ਕੇਵਲ ਬ੍ਰਹਮ ਹੈ।ਮਾਇਆ ਬ੍ਰਹਮ ਦੀ ਸ਼ਕਤੀ ਹੈ, ਉਸ ਦੀ ਕੁਦਰਤ ਹੈ, ਉਸ ਦਾ ਕੌਤਕ ਹੈ। ਨਾਨਕ-ਬਾਣੀ ਵਿੱਚ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਦੇ ਨਾਲ ਮਾਇਆ ਦਾ ਸੰਬੰਧ ਜੋੜਿਆ ਗਿਆ ਹੈ, ਪਰ ਦਾਰਸ਼ਨਿਕ ਆਧਾਰ ’ਤੇ ਨਾਨਕ-ਬਾਣੀ ਵਿਚਲੀ ਮਾਇਆ ਸਮਰੱਥ ਸ਼ਕਤੀ ਨਹੀਂ, ਸਗੋਂ ਪਰਮ-ਸੱਤਾ ਦੀ ਸੰਚਾਲਕ ਸ਼ਕਤੀ ਹੈ। ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਮਾਇਆ ਤੋਂ ਸ਼ਕਤੀ ਲੈ ਕੇ ਸੰਸਾਰ ਨੂੰ ਪੈਦਾ ਕਰਨ, ਰੋਜ਼ੀ ਦੇਣ ਓਤੇ ਵਿਨਾਸ਼ ਕਰਨ ਦਾ ਕੰਮ ਕਰ ਰਹੇ ਹਨ:-

ਏਕਾ ਮਾਈ ਜਗਤਿ ਵਿਆਹੀ ਤਿੰਨ ਚੇਲੇ ਪਰਵਾਣੁ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਇ ਦੀਬਾਣੁ॥ [9]

ਸ੍ਰਿਸ਼ਟੀ ਰਚਨਾ ਪ੍ਰਭੂ ਦੀ ਮੌਜ ਹੈ, ਪਰ ਮਾਨਵੀ ਸੰਦਰਭ ਵਿੱਚ ਇਹ ਖੇਲ੍ਹ ਨਾ ਹੋ ਕੇ ਇੱਕ ਗੰਭੀਰ ਕਾਰਜ-ਖੇਤਰ ਹੈ ਜਿੱਥੇ ਮਨੁੱਖ ਆਪਣੇ ਚੰਗੇ-ਮੰਦੇ ਕਰਮਾਂ ਦੀ ਖੇਤੀ ਕਰਦਾ ਹੈ ਅਤੇ ਇਨ੍ਹਾਂ ਪ੍ਰਤੀ ਜਵਾਬਦੇਹ ਵੀ ਹੈ। ਉਹ ਕਰਮ ਕਰਨ ਦੀ ਸੁਤੰਤਰਤਾ ਰੱਖਦਾ ਹੈ,ਪਰ ਉਸਨੂੰ ਆਪਣੇ ਕੀਤੇ ਦਾ ਫਲ ਭੁਗਤਣ ਲਈ ਤਿਆਰ ਵੀ ਰਹਿਣਾ ਪੈਂਦਾ ਹੈ:-

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੋ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥

ਥਾਉ ਨਾ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥ [10]

ਮਾਨਵ ਸੰਬੰਧੀ ਗੁਰੂ ਜੀ ਦੀ ਤੱਤ-ਮੀਮਾਂਸਾ 'ਬ੍ਰਹਮ' ਅਤੇ 'ਜਗਤ' ਨਾਲ ਤਾਰਕਿਕ ਰਿਸ਼ਤੇ ਵਿੱਚ ਬੱਝੀ ਹੋਈ ਹੈ। ਮਾਨਵੀ ਹੋਂਦ ਵਿੱਚ ਬ੍ਰਹਮ ਦਾ ਤੱਤ 'ਆਤਮਾ' ਅਤੇ ਜਗਤ ਦੀ ਭੌਤਿਕਤਾ ਦਾ ਤੱਤ 'ਸਰੀਰ' ਹੈ ਜੋ ਵਿਚਿੱਤਰ ਸੰਜੋਗ ਵਿੱਚ ਬੱਝਾ ਹੋਇਆ ਹੈ। ਸਧਾਰਣ ਅਵਸਥਾ ਵਿੱਚ ਮਨੁੱਖ ਆਪਣੇ ਬ੍ਰਹਮ-ਅੰਸ਼ ਵੱਲੋਂ ਅਵੇਸਲਾ ਹੋ ਕੇ ਆਪਣੇ ਭੌਤਿਕ ਸਰੀਰ ਨੂੰ ਹੀ ਆਪਣਾ ਵਾਸਤਵਿਕ ਆਪਾ ਸਮਝਣ ਲੱਗ ਪੈਂਦਾ ਹੈ:-

ਇਕਿ ਮੂਲ ਨਾ ਬੁਝਨਿ ਆਪਣਾ ਅਣਹੋਦਾ ਆਪਿ ਗਿਣਾਇਦੇ॥ [11]

ਦੂਹਰੀ ਪ੍ਰਕਿਰਤੀ ਦਾ ਸਵਾਮੀ ਹੋਣ ਦੀ ਵਜ੍ਹਾ ਨਾਲ ਮਨੁੱਖ ਨੂੰ ਅਜਿਹਾ ਭੁਲੇਖਾ ਲੱਗਣਾ ਸੁਭਾਵਿਕ ਹੀ ਹੈ।ਇੰਦਰਿਆਵੀ ਖਿੱਚਾਂ ਅਤੇ ਤ੍ਰਿਸ਼ਨਾਵਾਂ ਦੀ ਵਲਗਣ ਵਿੱਚ ਘਿਰਿਆ ਮਨੁੱਖ ਆਪਣੀ ਆਤਮਾ ਦੇ ਅਧਿਐਨ ਦੀ ਸੋਝੀ ਵੱਲੋਂ ਅਵੇਸਲਾ ਹੋ ਕੇ ਸੰਸਾਰਿਕ-ਯਾਤਰਾ ਕਰਦਾ ਰਹਿੰਦਾ ਹੈ।ਇਸ ਯਾਤਰਿਕ-ਚੱਕਰ ਵਿੱਚੋਂ ਨਿਕਲਣ ਲਈ ਗੁਰੂ ਨਾਨਕ ਨੇ ਆਪਣਾ-ਆਪਾ ਪਛਾਨਣ ਦਾ ਸੁਝਾਅ ਦਿੱਤਾ ਹੈ।ਗੁਰੂ ਨਾਨਕ ਦੀ ਤੀਜੀ ਜੋਤ ਸ਼੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ:-

ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ॥ [12]

ਭਾਰਤੀ-ਦਰਸ਼ਨ ਨਾਲੋਂ ਨਾਨਕ-ਬਾਣੀ ਦੀ ਵਿੱਥ ਇਹ ਵੀ ਹੈ ਕਿ ਇਸ ਵਿੱਚ ਕਿਧਰੇ ਵੀ ਸਮਾਜਿਕ ਜੀਵਨ ਤੋਂ ਵਿਰਕਤ ਹੋਣ ਦਾ ਸੰਦੇਸ਼ ਨਹੀਂ ਦਿੱਤਾ ਗਿਆ ਜਦਕਿ ਸਾਰਾ ਭਾਰਤੀ-ਦਰਸ਼ਨ ਰੱਬ ਦੀ ਪ੍ਰਾਪਤੀ ਲਈ ਸੰਸਾਰ ਨੂੰ ਤਿਆਗਣ ਤੇ ਜ਼ੋਰ ਦਿੰਦਾ ਹੈ।ਇਸ ਪ੍ਰਕਾਰ ਪੁਰਾਤਨ ਦਰਸ਼ਨ ਨੇ ਜਿੱਥੇ ਵਰਣ, ਆਸ਼ਰਮ ਅਤੇ ਜਾਤੀਵਾਦ ਨਾਲ ਮਾਨਵਤਾ ਨੂੰ ਨਿਖੇੜਨ ਦਾ ਪ੍ਰਯਤਨ ਕੀਤਾ, ਉੱਥੇ ਗੁਰੂ ਨਾਨਕ ਨੇ ਸਾਧਸੰਗਤ, ਪੰਗਤ ਅਤੇ ਧਰਮਸਾਲ ਆਦਿ ਸੰਸਥਾਵਾਂ ਨਾਲ ਜੋੜ ਕੇ ਮਾਨਵਤਾ ਵਿੱਚ ਭਰਾਤਰੀ-ਭਾਵ ਪੈਦਾ ਕੀਤਾ ਅਤੇ ਗ੍ਰਹਿਸਤ ਵਿੱਚ ਰਹਿ ਕੇ ਇਸ ਸੰਸਾਰ ਤੋਂ ਅਭਿੱਜ ਰਹਿਣ ਦੀ ਜੀਵਨ-ਜਾਂਚ ਦੱਸੀ:-

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੈ॥
ਸੁਰਤਿ ਸਬਦ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੈ॥ [13]

ਸਾਂਖ-ਸ਼ਾਸਤਰ ਦੀ ਮੁਕਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਮਨੁੱਖ ਨੂੰ ਸੰਨਿਆਸੀ ਬਣਾ ਦਿੰਦੀ ਹੈ।ਨਾਨਕ-ਬਾਣੀ ਵਿੱਚ ਮੁਕਤੀ ਦਾ ਜੋ ਸੰਕਲਪ ਸਾਹਮਣੇ ਆਇਆ ਹੈ ਉਹ ਮਰਨ ਉਪਰੰਤ ਮੁਕਤੀ ਪ੍ਰਾਪਤ ਕਰਨ ਦਾ ਨਹੀਂ, ਸਗੋਂ ਜਿਉਂਦੇ-ਜੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਾਸ਼ਨਾਵਾਂ ਤੋਂ ਮੁਕਤੀ ਪ੍ਰਾਪਤ ਕਰਕੇ ਪ੍ਰਭੂ-ਮਿਲਾਪ ਦਾ ਜੀਵਨ ਧਾਰਨ ਕਰਨ ਦਾ ਹੈ।ਜਿਸ ਨੂੰ ਗੁਰੂ ਜੀ ਨੇ 'ਜੀਵਨ-ਮੁਕਤੀ' ਦਾ ਨਾਮ ਦਿੱਤਾ ਹੈ।

ਗੁਰੂ ਨਾਨਕ ਫਿਲਾਸਫੀ ਨੂੰ ਸਮਝਣ ਲਈ ਉਨ੍ਹਾਂ ਨੇ ਆਪ ਲੋਕਾਈ ਨੂੰ ਸਬਦ ਗੁਰੂ ਦੇ ਲੜ ਲਾਇਆ ਅਤੇ ਆਪ ਵੀ ਸਿੱਧਾਂ ਦੇ ਪੁੱਛਣ ਤੇ ਆਪਣਾ ਗੁਰੂ ਸ਼ਬਦ ਨੂੰ ਦੱਸਿਆ:-

ਸ਼ਬਦ ਗੁਰੂ ਸੁਰਤਿ ਧੁਨਿ ਚੇਲਾ॥ [14]

ਅਤੇ ਇਹ ਵੀ ਦੱਸਿਆ ਕਿ ਸ਼ਬਦ 'ਪਰਾ' ਅਵਸਥਾ ਵਿੱਚ ਅਰਥਾਤ 'ਸ਼ੁੱਧ ਚੇਤਨਾ' ਰੂਪ ਵਿੱਚ, ਜਿਸ ਨੂੰ ਭਾਰਤੀ ਦਰਸ਼ਨ ਪਰੰਪਰਾ ਵਿੱਚ ਵੀ ਸਮਝਾਉਣ ਦਾ ਯਤਨ ਕੀਤਾ ਗਿਆ ਹੈ, ਮੇਰਾ ਗੁਰੂ ਹੈ ਅਤੇ ਮੇਰੀ ਸੁਰਤਿ (ਸਮਝ ਜਾਂ ਅਕਲ) ਉਸ ਸ਼ਬਦ ਰੂਪੀ ਚੇਤਨਾ ਦਾ ਚੇਲਾ ਹੈ।

ਭਾਰਤੀ ਫਲਸਫੇ ਦੇ ਪ੍ਰਸਿੱਧ ਇਤਿਹਾਸਕਾਰ ਡਾ. ਸੁਰੇਂਦਰਨਾਥ ਦਾਸ ਗੁਪਤਾ ਦਾ ਕਥਨ ਹੈ ਕਿ ਸਤਿ-ਸ਼ਕਤੀ ਜਿਹੜੀ ਕਿ 'ਅਨੰਦ ਸਰੂਪ' ਹੈ ਸੰਤਾਂ ਦੁਆਰਾ ਆਪਣੇ ਆਤਮ ਸਰੂਪ ਵਿੱਚ ਅਨੁਭਵ ਕੀਤੀ ਜਾਂਦੀ ਹੈ ਅਤੇ ਬੁੱਧੀ ਦੁਆਰਾ ਇਸ ਸ਼ਕਤੀ ਨੂੰ ਗ੍ਰਹਿਣ ਕਰਨ ਵਿੱਚ ਅਸਮਰੱਥ ਮਨੁੱਖ ਇਸੇ ਅਨੰਦ ਸਰੂਪ ਨੂੰ 'ਬ੍ਰਹਮ' ਆਖਦੇ ਹਨ। ਸੋ ਗੁਰੂ ਨਾਨਕ ਦਰਸ਼ਨ 'ਅਨੰਦ ਸਰੂਪ' ਦਾ ਅਨੁਭਵ 'ਸ਼ਬਦ' ਰਾਹੀਂ ਕਰਵਾਉਣ ਵਿੱਚ ਪੂਰਨ ਰੂਪ ਵਿੱਚ ਸਮਰੱਥ ਹੈ:-

ਸ਼ਬਦੁ ਵਸੈ ਸਚੁ ਅੰਤਰਿ ਹੀਆ॥
ਤਨੁ ਮਨੁ ਸੀਤਲੁ ਰੰਗਿ ਰੰਗੀਆ॥[15]

ਸਿੱਖ ਧਰਮ-ਦਰਸ਼ਨ ਅਨੁਸਾਰ ਸੂਖਮ ਹੀ ਸੂਖਮ ਵਿੱਚ ਮਿਲ ਸਕਦਾ ਹੈ ਸੋ ਸ਼ੁੱਧ ਚੇਤਨਾ ਰੂਪੀ ਸ਼ਬਦ ਹੀ ਸੂਖਮ ਪਰਮ-ਸਤਿ ਜਾਂ ਅਨੰਦ ਸਰੂਪ ਦਾ ਅਨੁਭਵ ਕਰਵਾ ਸਕਦਾ ਹੈ। ਇਹ ਹੀ ਮਨੁੱਖੀ ਆਤਮਾ ਦੀ ਬਿਹਵਲਤਾ ਹੈ ਜਿਸ ਨੂੰ ਦਰਸ਼ਨ ਦੇ ਮਤ-ਮਤਾਂਤਰ ਅੱਜ ਤੱਕ ਖੋਜਦੇ ਰਹੇ ਹਨ।

**ਸਾਰ:-**

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਾਨਵੀ ਗਿਆਨ ਨੂੰ ਵਧਾਉਣ ਵਿੱਚ ਭਾਰਤੀ ਦਰਸ਼ਨ ਦਾ ਯੋਗਦਾਨ ਅਦੁੱਤੀ ਹੈ।ਪ੍ਰਮਾਤਮਾ ਨਾਲੋਂ ਵਿਛੜੀ ਆਤਮਾ ਨੂੰ ਮੁੜ ਆਪਣੇ ਮੂਲ ਨਾਲ ਜੋੜਨ ਲਈ ਇਹ ਪੂਰੀ ਤਰ੍ਹਾਂ ਪ੍ਰੇਰਦਾ ਹੈ। ਪੱਛਮੀ-ਦਰਸ਼ਨ ਵਾਂਗ ਇਹ ਮਨੁੱਖ ਦੀ ਕੇਵਲ ਬੌਧਿਕ ਸੰਤੁਸ਼ਟੀ ਹੀ ਨਹੀਂ ਕਰਦਾ ਸਗੋਂ ਅੰਤਿਮ ਸੱਚ ਪ੍ਰਤੀ ਵਿਸ਼ਵਾਸ ਅਤੇ ਸ਼ਰਧਾ ਪੈਦਾ ਕਰਕੇ ਆਤਮਿਕ ਸੰਤੁਸ਼ਟੀ ਵੀ ਪ੍ਰਦਾਨ ਕਰਦਾ ਹੈ। ਪ੍ਰੰਤੂ ਗੁਰੂ ਨਾਨਕ ਨੇ ਆਮ ਲੋਕਾਂ ਦੀ ਪੰਜਾਬੀ ਭਾਸ਼ਾ ਅਤੇ ਪ੍ਰਚਲਿਤ ਕਾਵਿ-ਰੂਪਾਂ ਜਿਵੇਂ ਕਿ ਘੋੜੀਆਂ, ਪਹਿਰੇ, ਥਿਤੀ, ਵਾਰਾਂ, ਅਲਾਹਣੀਆਂ, ਬਾਰਹ-ਮਾਹ ਆਦਿ ਵਿੱਚ 'ਨਿਰਪੇਖ ਸੱਚ' ਦੇ ਅਧਿਆਤਮਿਕ ਅਨੁਭਵ ਨੂੰ ਬਾਣੀ ਰੂਪ ਵਿੱਚ ਰਚ ਕੇ ਵਿਲੱਖਣ, ਵਿਵਹਾਰਿਕ ਅਤੇ ਅਨੰਦਮਈ ਸ਼ੈਲੀ ਪ੍ਰਦਾਨ ਕੀਤੀ ਹੈ।

ਭਾਰਤੀ-ਦਰਸ਼ਨ ਨੇ ਜਿੱਥੇ ਵੇਦ-ਵਾਣੀ ਦੇ ਸਿਧਾਂਤਕ ਗਿਆਨ ਨੂੰ ਵਿਵਹਾਰ ਵਿੱਚ ਲਿਆਉਣ ਦਾ ਯਤਨ ਕੀਤਾ ਹੈ, ਉੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵਿਵਹਾਰਿਕ ਅਨੁਭਵ ਨੂੰ ਸਿਧਾਂਤਕ ਰੂਪ ਪ੍ਰਦਾਨ ਕੀਤਾ ਹੈ। ਅਰਥਾਤ ਜਿੱਥੇ ਹੋਰ ਦਰਸ਼ਨ ਬੌਧਿਕ ਸਿਧਾਂਤਾਂ ਵਿੱਚੋਂ ਅਮਲੀ ਜੀਵਨ ਪ੍ਰਦਾਨ ਕਰਦੇ ਹਨ, ਉੱਥੇ ਨਾਨਕ-ਬਾਣੀ ਦਰਸ਼ਨ ਅਨੁਸਾਰ ਧਾਰਮਿਕ ਅਮਲ ਮਨੁੱਖ ਨੂੰ ਗਿਆਨ ਦੇ ਪ੍ਰਕਾਸ਼ ਵਿੱਚ ਲੈ ਜਾਂਦੇ ਹਨ। ਇਸ ਪ੍ਰਕਾਰ ਭਾਰਤੀ ਦਾਰਸ਼ਨਿਕ-ਚਿੰਤਨ ਨੂੰ ਵਿਵਹਾਰਿਕ, ਲਚਕੀਲਾ ਅਤੇ ਅਨੁਭਵੀ ਰੂਪ ਪ੍ਰਦਾਨ ਕਰਨ ਵਿੱਚ ਗੁਰੂ ਨਾਨਕ ਦੇਵ ਜੀ ਦਾ ਅਣਮੁੱਲਾ ਯੋਗਦਾਨ ਹੈ।

**<u>ਹਵਾਲੇ ਤੇ ਟਿੱਪਣੀਆਂ</u>**


1. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪੬
2. ਓਹੀ, ਪੰਨਾ ੯
3. ਓਹੀ, ਪੰਨਾ ੫
4. ਓਹੀ, ਪੰਨਾ ੫੭੭
5. ਓਹੀ, ਪੰਨਾ ੧੦੨
6. ਓਹੀ, ਪੰਨਾ ੪੬੩
7. ਓਹੀ, ਪੰਨਾ ੧੩੮
8. ਓਹੀ, ਪੰਨਾ ੧੦੩੫
9. ਓਹੀ, ਪੰਨਾ ੫
10. ਓਹੀ, ਪੰਨਾ ੪੬੩
11. ਓਹੀ, ਪੰਨਾ ੧੮
12. ਓਹੀ, ਪੰਨਾ ੪੪੧
13. ਓਹੀ, ਪੰਨਾ ੨੩੮
14. ਓਹੀ, ਪੰਨਾ ੨੩੮
15. ਓਹੀ, ਪੰਨਾ ੯੪੩

# ਪੰਜਾਬੀ ਅਵਚੇਤਨ ਤੇ ਬੀਰ-ਕਾਵਿ ਗਥਾਵਾਂ

**ਡਾ. ਦਵਿੰਦਰ ਸਿੰਘ ਸੈਣੀ**
**ਅਸਿਸਟੈਂਟ ਪ੍ਰੋਫ਼ੈਸਰ**
**ਖ਼ਾਲਸਾ ਕਾਲਜ ਪਟਿਆਲਾ**

"ਪੰਜਾਬ ਦੀ ਮਿੱਟੀ ਨੂੰ ਵਰ ਹੈ ਜਾਂ ਸਰਾਪ, ਜਿਸ ਨੂੰ ਵਾਰ ਵਾਰ ਲਹੂ ਵਿਚ ਭਿੱਜਣਾ ਪਿਆ ਹੈ। ਇਥੋਂ ਦੇ ਮਸਤ ਵਗਦੇ ਦਰਿਆਵਾਂ ਦੀ ਰਵਾਨੀ ਵਿਚ, ਅੱਗ ਵਾਂਗ ਮਚਦੀਆਂ ਜੇਠ ਹਾੜ ਦੀਆਂ ਲੂਆਂ ਵਿਚ, ਪੋਹ ਮਾਘ ਦੀਆਂ ਕੱਕਰ ਜੰਮੀਆਂ ਰਾਤਾਂ ਦੀਆਂ ਬਰਫੀਲੀਆਂ ਹਵਾਵਾਂ ਵਿਚ ਰੱਬ ਜਾਣੇ ਕੀ ਤਾਸੀਰ ਹੈ। ਜੋ ਪੰਜਾਬੀ ਸੁਭਾ ਨੂੰ ਸਖਤ ਜਾਨ, ਖੁੱਲ੍ਹਾ ਖੁਲਾਸਾ ਤੇ ਮਰਨ ਤੋਂ ਬੇਪਰਵਾਹ ਬਣਾ ਦਿੰਦੀਆਂ ਹਨ।"[1] ਸਦੀਆਂ ਤੋਂ ਭਾਰਤ ਦਾ ਪ੍ਰਵੇਸ਼ ਦੁਆਰ ਬਣੇ ਰਹਿਣ ਕਾਰਨ ਬਾਹਰੋਂ ਆਏ ਹਮਲਾਵਰਾਂ ਲਈ ਸਭ ਤੋਂ ਪਹਿਲਾਂ ਪੰਜਾਬ ਹੀ ਰਣ-ਭੂਮੀ ਤੇ ਨਿਵਾਸ-ਭੂਮੀ ਬਣਿਆ। ਹਮਲਾਵਰ ਭਾਵੇਂ ਆਰੀਅਨ ਸਨ ਜਾਂ ਯੂਨਾਨੀ, ਅਰਬੀ, ਤੁਰਕੀ, ਈਰਾਨੀ ਜਾਂ ਅਫ਼ਗਾਨੀ, ਸਾਰਿਆਂ ਦਾ ਰਣਤੱਤੇ ਵਿਚ ਪ੍ਰਥਮ ਸਵਾਗਤ ਪੰਜਾਬੀਆਂ ਨੇ ਹੀ ਕੀਤਾ। ਪੰਜਾਬ ਦੇ ਲੋਕਾਂ ਨੇ ਰਣਭੂਮੀ ਵਿਚ ਸ਼ਹੀਦ ਹੋਣ ਵਾਲੇ ਅਥਵਾ ਜੌਹਰ ਦਿਖਾਉਣ ਵਾਲੇ ਆਪਣੇ ਸੂਰਬੀਰਾਂ ਨੂੰ ਵਿਸਾਰਿਆ ਨਹੀਂ ਬਲਕਿ ਉਨ੍ਹਾਂ ਦੀਆਂ ਸੂਰਬੀਰਤਾ ਦੀਆਂ ਕਹਾਣੀਆਂ ਨੂੰ ਵਾਰਾਂ ਦ ਰੂਪ ਵਿਚ ਗਾ ਕੇ ਆਪਣੀ ਸਿਮਰਤੀ ਵਿਚ ਹਮੇਸ਼ਾਂ ਲਈ ਸਾਂਭ ਲਿਆ। ਇਹ ਵਾਰਾਂ ਆਉਣ ਵਾਲੀਆਂ ਪੀੜ੍ਹੀਆਂ ਵਿਚ ਵੀ ਕੁਰਬਾਨੀ ਦਾ ਜਜ਼ਬਾ ਪੈਦਾ ਕਰਨ ਤੇ ਰਣਤੱਤੇ ਵਿਚ ਖੰਡਾ ਖੜਕਾਉਣ ਦੀ ਪ੍ਰੇਰਨਾ ਜਗਾਉਣ ਵਿਚ ਸਹਾਈ ਹੁੰਦੀਆਂ ਰਹੀਆਂ ਹਨ।

ਪੰਜਾਬੀ ਸਾਹਿਤ ਵਿਚ ਬੀਰ-ਰਸੀ ਪਰੰਪਰਾ ਬਹੁਤ ਪ੍ਰਚੀਨ ਸਮੇਂ ਤੋਂ ਹੀ ਪ੍ਰਚਲਿਤ ਰਹੀ ਹੈ। ਲਿਖਤੀ ਰੂਪ ਵਿਚ ਨਾ ਹੋਣ ਕਾਰਨ ਸਮਕਾਲੀ ਸਮੇਂ ਤੱਕ ਇਸਦਾ ਪੂਰਾ ਭਾਗ ਨਹੀਂ ਪਹੁੰਚ ਸਕਿਆ। ਬਹੁਤ ਸਾਰੀਆਂ ਵਾਰਾਂ ਅਜਿਹੀਆਂ ਹਨ ਜਿਨ੍ਹਾਂ ਦੇ ਇਕ ਦੋ ਟੋਟਕੇ ਹੀ ਲਿਖਤੀ ਰੂਪ ਵਿਚ ਸਾਂਭੇ ਗਏ ਹਨ। ਇਨ੍ਹਾਂ ਦੀ ਪ੍ਰਮਾਣਿਕਤਾ ਵੀ ਪੂਰੀ ਤਰ੍ਹਾਂ ਨਾਲ ਸਿੱਧ ਨਹੀਂ ਹੁੰਦੀ। ਇਸ ਸਭ ਕੁਝ ਦੇ ਬਾਵਜੂਦ ਵੀ ਸਾਡੇ ਕੋਲ ਬੀਰ ਰਸੀ ਸਾਹਿਤ ਦਾ ਬਹੁਤ ਸਾਰਾ ਭੰਡਾਰ ਵਾਰਾਂ ਅਤੇ ਜੰਗਨਾਮਿਆਂ ਦੇ ਰੂਪ ਵਿਚ ਮੌਜੂਦ ਹੈ।

ਆਦਿ ਗ੍ਰੰਥ ਵਿਚਲੀਆਂ 22 ਵਾਰਾਂ ਵਿਚੋਂ 9 ਅਜਿਹੀਆਂ ਹਨ ਜਿਨ੍ਹਾਂ ਨੂੰ ਕੁਝ ਖ਼ਾਸ ਵਾਰਾਂ ਦੀਆਂ ਧੁਨੀਆਂ 'ਤੇ ਗਾਉਣ ਦੀ ਹਦਾਇਤ ਕੀਤੀ ਗਈ ਹੈ ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਗੁਰੂ ਨਾਨਕ ਕਾਲ ਵਿਚ ਕੁਝ ਵਾਰਾਂ ਲੋਕਾਂ ਵਿਚ ਕਾਫ਼ੀ ਪ੍ਰਚਲਿਤ ਸਨ ਅਤੇ ਜਿਨ੍ਹਾਂ ਦੀਆਂ ਆਪਣੀਆਂ ਵਿਸ਼ੇਸ਼ ਧੁਨੀਆਂ ਵੀ ਸਨ। "ਇਨ੍ਹਾਂ ਦਾ ਲਿਖਤੀ ਨਮੂਨਾ ਕੋਈ ਨਹੀਂ ਸੀ। ਇਸ ਲਈ ਜ਼ੁਬਾਨੀ ਸਾਡੇ ਤੱਕ ਪੁਜਦਿਆਂ, ਇਨ੍ਹਾਂ ਦੇ ਰੂਪ ਵਟ ਜਾਣ ਦੀ ਕਾਫੀ ਸੰਭਾਵਨਾ ਸੀ। ਪੰਡਤ ਤਾਰਾ ਸਿੰਘ ਨਰੋਤਮ ਨੇ ਸਭ ਤੋਂ ਪਹਿਲਾਂ ਆਪਣੀ ਪੁਸਤਕ 'ਗੁਰਮਤਿ ਨਿਰਣਯ ਸਾਗਰ' ਵਿਚ ਉਨ੍ਹਾਂ ਵਾਰਾਂ ਦੇ ਨਮੂਨੇ ਦਰਜ ਕੀਤੇ, ਜਿਹੜੀਆਂ ਇਸ ਕਾਲ ਵਿਚ ਰਚੀਆਂ ਗਈਆਂ।"[2] ਵਿਦਵਾਨਾਂ ਅਨੁਸਾਰ ਇਨ੍ਹਾਂ ਵਿਚੋਂ ਰਾਇ ਕਮਾਲ ਮਉਜ ਦੀ ਵਾਰ, ਟੁੰਡੇ ਅਸਰਾਜੇ ਦੀ ਵਾਰ, ਸਿਕੰਦਰ ਇਬਰਾਹੀਮ ਦੀ ਵਾਰ, ਲੱਲਾ ਬਹਿਲੀਮਾ ਦੀ ਵਾਰ, ਹਸਨੇ ਮਹਿਮੇ ਦੀ ਵਾਰ ਤੇ ਮੂਸੇ ਦੀ ਵਾਰ, ਪੂਰਵ ਨਾਨਕ ਕਾਲ ਅਤੇ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਵਾਰ, ਜੋਧੇ ਵੀਰੇ ਪੂਰਬਾਣੀ ਦੀ ਵਾਰ ਅਤੇ ਰਾਣੇ ਕੈਲਾਸ ਤਥਾ ਮਾਲਦੇਵ ਦੀ ਵਾਰ ਨਾਨਕ ਕਾਲ ਵਿਚ ਰਚੀਆਂ ਗਈਆਂ ਹਨ। ਇਨ੍ਹਾਂ ਵਾਰਾਂ ਵਿਚ ਉਸ ਸਮੇਂ ਦੇ ਸਰਦਾਰਾਂ ਅਥਵਾ ਜਾਗੀਰਦਾਰਾਂ ਦੀ ਆਪਸੀ ਖਹਿਬਾਜ਼ੀ ਲੜਾਈਆਂ ਦਾ ਕਾਰਨ ਬਣੀ ਅਤੇ ਮੁੱਖ ਮੁੱਦਾ ਜ਼ਰ, ਜ਼ੋਰੂ ਤੇ ਜ਼ਮੀਨ 'ਤੇ ਹੀ ਕੇਂਦ੍ਰਿਤ ਰਿਹਾ। ਇਸ ਵਾਰ ਕਾਵਿ ਰੂਪ ਨੂੰ ਆਧਾਰ ਬਣਾ ਕੇ ਗੁਰੂ ਸਾਹਿਬਾਨ ਨੇ 22 ਅਧਿਆਤਮਿਕ ਵਾਰਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚ ਗੁਰੂ, ਪਰਮਾਤਮਾ ਜਾਂ ਗੁਰਮੁਖ ਨੂੰ ਨਾਇਕ ਰੂਪ ਵਿਚ ਚਿਤਰਿਆ ਗਿਆ। ਗੁਰੂ ਸਾਹਿਬ ਨੇ ਵਾਰਾਂ ਵਿਚ ਪਉੜੀਆਂ ਦੇ ਨਾਲ-ਨਾਲ ਸਲੋਕ ਵੀ ਦਰਜ ਕੀਤੇ ਹਨ। ਪਉੜੀ ਜਿਥੇ ਆਪਣੇ ਸੁਭਾਅ ਵਜੋਂ ਤਿੱਖੀ ਤੇ ਤੇਜ਼-ਤਰਾਰ ਹੁੰਦੀ ਹੈ, ਉਥੇ ਸਲੋਕ ਦਾ ਸੁਭਾਅ ਸਹਿਜ ਤੇ ਠਰੰਮੇ ਵਾਲਾ ਹੈ। ਇਨ੍ਹਾਂ ਦੋਹਾਂ ਦੇ ਸੁਮੇਲ ਵਾਲੀਆਂ ਅਧਿਆਤਮਿਕ ਵਾਰਾਂ ਸੰਤ ਸਿਪਾਹੀ ਦੀ ਘਾੜਤ ਘੜਦੀਆਂ ਹਨ।

ਇਸੇ ਦੌਰ ਵਿਚ ਹੀ ਭਾਈ ਗੁਰਦਾਸ ਜੀ ਨੇ 39 ਵਾਰਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚ ਉਨ੍ਹਾਂ ਗੁਰੂ ਨਾਨਕ ਦੇਵ ਜੀ ਨੂੰ ਨਾਇਕ ਰੂਪ ਵਿਚ ਚਿਤਰਿਆ ਅਤੇ ਨਾਲ ਹੀ ਗੁਰਬਾਣੀ ਦੇ ਰਹੱਸਾਂ ਦੀ ਇਤਿਹਾਸਕ, ਮਿਥਿਹਾਸਕ ਸੰਦਰਭਾਂ ਵਿਚ ਵਿਆਖਿਆ ਵੀ ਕੀਤੀ।

ਇਨਾਂ ਅਧਿਆਤਮਿਕ ਵਾਰਾਂ ਨੇ ਅਜਿਹੇ ਜਾਗਰਿਤ ਤੇ ਜੁਝਾਰੂ ਸੂਰਬੀਰ ਦੀ ਘਾੜਤ ਘੜੀ ਜਿਸਦੀ ਜੰਗ ਜ਼ਰ, ਜ਼ੋਰੂ ਤੇ ਜ਼ਮੀਨ ਲਈ ਨਹੀਂ ਸੀ ਅਤੇ ਨਾ ਹੀ ਇਹ ਜੋਧਾ ਕਿਸੇ ਨਸਲੀ ਵਰਤਾਰੇ ਦੇ ਅਧੀਨ ਜੰਗ ਮਚਾਉਂਦਾ ਹੈ। ਪੰਜਾਬੀ ਬੀਰ ਕਾਵਿ ਵਿਚ ਆਰਿਆਈ ਪਰੰਪਰਾ ਵਿਚਲੇ ਜੰਗ ਦੇ ਆਦਰਸ਼ਕ ਰੰਗ ਵੀ ਦਸਮ ਗ੍ਰੰਥ ਵਿਚਲੀ 'ਚੰਡੀ ਦੀ ਵਾਰ' ਅਤ ਸਾਮੀ ਪਰੰਪਰਾ ਆਧਾਰਿਤ ਕਰਬਲਾ ਦੀ ਜੰਗ ਨਾਲ ਸੰਬੰਧਿਤ ਜੰਗਨਾਮਿਆਂ ਰਾਹੀਂ ਨਮੂਦਾਰ ਹੋਏ ਹਨ। ਇਸ ਸੰਬੰਧੀ ਡਾ. ਅਜਮੇਰ ਸਿੰਘ ਦਾ ਕਥਨ ਹੈ, "ਪੰਜਾਬ ਦੀ ਬੀਰ ਪਰੰਪਰਾ ਦੁਨੀਆਂ ਤੋਂ ਨਿਆਰੀ ਹੈ, ਇੱਥੇ ਜ਼ਰ, ਜ਼ੋਰੂ ਤੇ ਜ਼ਮੀਨ ਲਈ ਜੰਗ ਨਹੀਂ ਹੋਈ। ਸ੍ਵੈ-ਕੀਰਤੀ, ਸ੍ਵੈ-ਵਾਸਨਾ, ਸ੍ਵੈ ਅਹੰਕਾਰ ਲਈ ਯੁੱਧ ਨਹੀਂ ਕੀਤੇ ਸਗੋਂ ਨਿੱਜ ਸਵਾਰਥ ਤੋਂ ਪੂਰੀ ਤਰ੍ਹਾਂ ਉਪਰ ਉੱਠ ਕੇ ਸਰਵੰਸ ਵਾਰਨ ਦੀ ਓਜਮਈ ਗਾਥਾ ਦੀ ਹਕੀਕਤ ਹੈ। ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕਾ ਚਾਇ।"[3]

ਉੱਤਰ ਨਾਨਕ ਕਾਲ ਵਿਚ ਬਹੁਗਿਣਤੀ ਵਿਚ ਵਾਰਾਂ ਦੀ ਰਚਨਾ ਹੋਈ। ਇਨ੍ਹਾਂ ਵਿਚੋਂ ਨਜਾਬਤ ਦੀ ਵਾਰ, ਪੀਰ ਮੁਹੰਮਦ ਦੀ ਚੱਠਿਆਂ ਦੀ ਵਾਰ, ਕਾਦਰਯਾਰ ਦੀ ਵਾਰ, ਸ. ਹਰੀ ਸਿੰਘ ਤੇ ਵਾਰ ਭੇੜੇ ਕੀ ਪਾਤਸ਼ਾਹੀ ੧੦ ਆਦਿ ਇਤਿਹਾਸਕ ਪੱਖ ਤੋਂ ਮਹੱਤਵਪੂਰਨ ਵਾਰਾਂ ਹਨ। ਇਨ੍ਹਾਂ ਤੋਂ ਇਲਾਵਾ ਲਵ ਕੁਸ਼ ਅਤੇ ਕ੍ਰਿਸ਼ਨ ਜੀ ਨੂੰ ਵੀ ਆਧਾਰ ਬਣਾ ਕੇ ਵਾਰਾਂ ਦੀ ਰਚਨਾ ਕੀਤੀ ਗਈ ਹੈ। ਇਸ ਤੋਂ ਇਲਾਵਾ ਗੁਰਦਾਸ ਸਿੰਘ ਦੀ ਵਾਰ ਰਾਮਕਲੀ ਪਾਤਸ਼ਾਹੀ ਦਸਵੀਂ ਦੀ ਰਚਨਾ ਵੀ ਇਸੇ ਕਾਲ ਵਿਚ ਹੋਈ ਜਿਸ ਵਿਚ ਕਵੀ ਨੇ ਖੰਡੇ ਦੀ ਪਾਹੁਲ ਛਕਣ ਤੋਂ ਬਾਅਦ ਗੁਰੂ ਚੇਲੇ ਦੇ ਫ਼ਰਕ ਨੂੰ ਮੇਟਦੇ ਅਦੁੱਤੀ ਕਾਰਨਾਮੇ ਨੂੰ ਬਾਖ਼ੂਬੀ ਪੇਸ਼ ਕੀਤਾ ਹੈ।

ਪੀਉ ਪਾਹੁਲ ਖੰਡ ਧਾਰ ਹੁਇ ਜਨਮ ਸੁਹੇਲਾ
ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।[4]

(ਵਾਰ ਰਾਮਕਲੀ ਪਾਤਸ਼ਾਹੀ ਦਸਵੀਂ ਕੀ, ਭਾਈ ਗੁਰਦਾਸ)

ਵਾਰਾਂ ਵਿਚ ਨਾਇਕ ਤੋਂ ਬਾਅਦ ਜੇ ਕਿਸੇ ਚੀਜ਼ ਦੀ ਤਾਰੀਫ਼ ਕੀਤੀ ਗਈ ਹੈ ਤਾਂ ਉਹ ਸ਼ਸਤਰ। ਗੁਰੂ ਗੋਬਿੰਦ ਸਿੰਘ ਨੇ ਤਾਂ ਸ਼ਸਤਰ ਨਾਮਮਾਲਾ ਵਿਚ ਸ਼ਸਤਰਾਂ ਨੂੰ ਪੀਰ ਦਾ ਰੁਤਬਾ ਦਿੱਤਾ ਹੈ:

ਅਸਿ ਕ੍ਰਿਪਾਨ ਖੰਡੋ ਖੜਗ, ਤਬਰ ਤੁਪਕ ਅਰ ਤੀਰ
ਸੈਫ ਸਰੋਹੀ ਸੈਹਥੀ ਯਹੀ ਹਮਾਰੇ ਪੀਰ।[5]

(ਦਸਮ ਗ੍ਰੰਥ, ਸ਼ਸਤ੍ਰ ਨਾਮ ਮਾਲਾ)

ਇਸ ਸੰਬੰਧੀ ਡਾ. ਅਜਮੇਰ ਸਿੰਘ ਦਾ ਕਹਿਣਾ ਹੈ ਕਿ:

> ਗੁਰੂ ਸਾਹਿਬ ਨੇ ਸ਼ਸਤਰ ਦੀ ਮਾਣ ਮਰਯਾਦਾ ਕਾਇਮ ਕੀਤੀ। ਉਹਨਾਂ ਸ਼ਸਤਰਾਂ ਨੂੰ ਕੌਮ ਦੇ ਸਰੀਰ ਦਾ ਅੰਗ ਬਣਾ ਦਿੱਤਾ।[6]

ਨਾਦਰ ਸ਼ਾਹ ਦੀ ਵਾਰ, ਚੱਠਿਆਂ ਦੀ ਵਾਰ ਅਤੇ ਵਾਰ ਹਰੀ ਸਿੰਘ ਨਲੂਆ ਇਤਿਹਾਸਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਰਚਨਾਵਾਂ ਹਨ। 'ਨਾਦਰ ਸ਼ਾਹ ਦੀ ਵਾਰ', 'ਨਾਦਰ ਸ਼ਾਹ' ਅਤੇ ਮੁਹੰਮਦ ਸ਼ਾਹ ਰੰਗੀਲੇ ਵਿਚਕਾਰਲੀ ਕਰਨਾਲ ਦੀ ਲੜਾਈ, ਚੱਠਿਆਂ ਦੀ ਵਾਰ ਚੱਠੇ ਸਰਦਾਰਾਂ ਅਤੇ ਮਹਾਂ ਸਿੰਘ ਦੇ ਯੁੱਧ ਅਤੇ 'ਵਾਰ ਹਰੀ ਸਿੰਘ ਨਲੂਆ', ਹਰੀ ਸਿੰਘ ਤੇ ਅਫ਼ਗਾਨਾਂ ਦੀ ਜੰਗ ਸੰਬੰਧੀ ਵਿਸਥਾਰਪੂਰਪਕ ਚਾਨਣਾ ਪਾਉਂਦੀਆਂ ਹਨ। ਮਰਨ ਉਪਰੰਤ ਹਰੀ ਸਿੰਘ ਨਲੂਏ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਲਿਖੇ ਹਾਲ ਦਾ ਵਰਣਨ ਇਸ ਪ੍ਰਕਾਰ ਹੈ:

ਤੋਏ ਤੁਰਤ ਸਰਕਾਰ ਵਲ ਖਤ ਲਿਖਿਆ
ਝੱਬ ਬਹੁੜ ਆ ਕੇ ਬਾਲਾ ਸਾਰ ਅੰਦਰ
ਹਰੀ ਸਿੰਘ ਸਰਦਾਰ ਹੋ ਗਿਆ ਰੁਖਸਤ
ਅਜੇ ਨਹੀਂ ਕੀਤਾ ਸਸਕਾਰ ਅੰਦਰ
.......................................
ਕਾਦਰਯਾਰ ਅਜੇ ਖੌਫ ਜੀਂਵਦੇ ਦਾ
ਨਹੀਂ ਮੋਏ ਦੀ ਖ਼ਬਰ ਕੰਧਾਰ ਅੰਦਰ।[7]

('ਵਾਰ ਹਰੀ ਸਿੰਘ ਨਲੂਆ', ਕਾਦਰਯਾਰ)

ਵਾਰ ਦੀ ਸਾਹਿਤਕ ਵਿਧਾ ਨੂੰ ਆਧਾਰ ਬਣਾ ਕੇ ਆਧੁਨਿਕ ਕਾਲ ਵਿਚ ਵੀ ਸਾਹਿਤ ਰਚਨਾਵਾਂ ਕੀਤੀਆਂ ਗਈਆਂ ਜਿਨ੍ਹਾਂ ਵਿਚ ਹਰਿੰਦਰ ਸਿੰਘ ਰੂਪ ਦੀ 'ਮਨੁੱਖ ਦੀ ਵਾਰ', ਪ੍ਰੋ. ਮੋਹਨ ਸਿੰਘ ਦੀ 'ਸਾਹਿਬ ਕੌਰ' ਅਤੇ 'ਪੰਜਾਬ ਦੀ ਵਾਰ' ਆਦਿ ਵਰਣਨਯੋਗ ਹਨ। ਪਰ ਇਹ ਵਾਰਾਂ ਮਿਆਰ ਦੇ ਪੱਖ ਤੋਂ ਮੱਧਕਾਲੀ ਵਾਰ ਸਾਹਿਤ ਦੀ ਬਰਾਬਰੀ ਨਹੀਂ ਕਰ ਸਕੀਆਂ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ "ਬੀਰ ਰਸੀ ਵਾਰਾਂ ਨੇ ਜਿਥੇ ਤਨ ਮਨ ਨੂੰ ਮਜ਼ਬੂਤ ਕੀਤਾ, ਇਥੋਂ ਦੀ ਸ਼ਾਨ ਤੇ ਸ੍ਵੈ-ਮਾਨ ਨੂੰ ਦ੍ਰਿੜ ਬਣਾਇਆ ਹੈ, ਉਥੇ ਅਧਿਆਤਮਕ ਤੇ ਧਾਰਮਿਕ ਵਾਰਾਂ ਨੇ ਸਾਡੀ ਆਤਮਾ ਵਿਚ ਸ਼ਕਤੀ ਦਾ ਸੰਚਾਰ ਕਰਕੇ ਉਚੀਆਂ ਕਦਰਾਂ-ਕੀਮਤਾਂ ਨੂੰ ਜਨਮ ਦਿੱਤਾ ਤੇ ਪੰਜਾਬੀ ਹਮੇਸ਼ਾਂ ਚੰਗੇ ਤਲਵਾਰੀਏ ਹੋਣ ਦੇ ਬਾਵਜੂਦ ਚੰਗੇਜ਼ ਤੇ ਤੈਮੂਰ ਬਣਨੋ ਬਚੇ ਰਹੇ।"[8]

ਬੀਰ-ਕਾਵਿ ਧਾਰਾ ਵਿਚ ਵਾਰਾਂ ਦੇ ਨਾਲ ਜੰਗਨਾਮਿਆਂ ਦਾ ਵੀ ਮਹੱਤਵਪੂਰਨ ਸਥਾਨ ਹੈ। ਜੰਗ ਦੇ ਵਰਣਨ ਵਿਚ ਜੰਗਨਾਮਾ ਭਾਵੇਂ ਵਾਰ ਕਾਵਿ ਰੂਪ ਦੀ ਬਰਾਬਰੀ ਨਹੀਂ ਕਰਦਾ ਪਰੰਤੂ ਪੰਜਾਬੀਅਤ ਦੇ ਪੱਖ ਤੋਂ ਸ਼ਾਹ ਮੁੰਹਮਦ ਰਚਿਤ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਦਾ ਮਹੱਤਵਪੂਰਨ ਸਥਾਨ ਹੈ।

"ਡਾ. ਗੰਡਾ ਸਿੰਘ ਨੇ ਸ਼ਾਹ ਮੁਹੰਮਦ ਨੂੰ 'ਪੰਜਾਬ ਦਾ ਕੌਮੀ ਕਵੀ' ਕਹਿ ਕੇ ਸਤਿਕਾਰਿਆ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਉਸਨੂੰ 'ਪੰਜਾਬ ਦੀ ਆਵਾਜ਼' ਕਿਹਾ ਹੈ। ਡਾ. ਜੀਤ ਸਿੰਘ ਸੀਤਲ ਉਸਨੂੰ 'ਪੰਜਾਬ ਦੀ ਹੂਕ' ਆਖਦਾ ਹੈ। ਅਸਲ ਵਿਚ ਸ਼ਾਹ ਮੁਹੰਮਦ ਨੇ ਪੰਜਾਬੀਆਂ ਦੇ ਸਾਂਝੇ ਰਾਜ ਦੇ ਖਤਮ ਹੋਣ ਤੇ ਇਸ ਤਰ੍ਹਾਂ ਹੰਝੂ ਬਹਾਏ ਹਨ ਕਿ ਇਹ ਦੁੱਖ ਸ਼ਾਹ ਮੁਹੰਮਦ ਦਾ ਦੁੱਖ ਨਾ ਰਹਿ ਕੇ ਸਮੁੱਚੇ ਪੰਜਾਬੀਆਂ ਦਾ ਦੁੱਖ ਬਣ ਗਿਆ।"[9] ਅੰਗਰੇਜ਼ਾਂ ਦੀ ਪੰਜਾਬ ਉੱਪਰ ਚੜ੍ਹਾਈ ਸ਼ਾਹ ਮੁਹੰਮਦ ਨੂੰ ਸਾਂਝੀ ਪੰਜਾਬੀਅਤ ਉੱਪਰ ਆਈ ਹੋਈ ਆਫ਼ਤ ਵਾਂਗ ਪ੍ਰਤੀਤ ਹੁੰਦੀ ਹੈ।

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਆਫਾਤ ਆਈ
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।[10]

(ਜੰਗਨਾਮਾ ਸਿੰਘਾਂ ਤੇ ਫਰੰਗੀਆਂ)

ਹਿੰਦੂਆਂ ਤੇ ਮੁਸਲਮਾਨਾਂ ਤੋਂ ਬਾਅਦ ਅੰਗਰੇਜ਼ਾਂ ਨੂੰ ਤੀਸਰੀ ਜਾਤ ਕਹਿਣ 'ਤੇ ਡਾ. ਬਲਬੀਰ ਸਿੰਘ ਪੂੰਨੀ ਵਲੋਂ ਆਪਣੀ ਪੁਸਤਕ 'ਜੰਗ ਸਿੰਘਾਂ ਤੇ ਅੰਗਰੇਜ਼ਾਂ' ਵਿਚ ਇਹ ਕਹਿਣਾ ਕਿ ਸ਼ਾਹ ਮੁਹੰਮਦ ਸਿੱਖਾਂ ਨੂੰ ਅਚੇਤ ਹੀ ਹਿੰਦੂਆਂ ਦਾ ਅੰਗ ਮੰਨਦਾ ਹੈ, ਜੰਗਨਾਮੇ ਦੇ ਸਮੁੱਚੇ ਸੰਦਰਭ ਵਿਚ ਤਰਕਸੰਗਤ ਪ੍ਰਤੀਤ ਨਹੀਂ ਹੁੰਦਾ ਜਦੋਂ ਅਸੀਂ ਜੰਗਨਾਮੇ ਵਿਚਲੇ ਹਵਾਲਿਆਂ ਜਿਵੇਂ 'ਸ਼ਾਹ ਮੁਹੰਮਦਾ ਤੁਸੀਂ ਪੰਜਾਬੀਓ ਜੀ ਕੀਰਤ ਸਿੰਘ ਸਿਪਾਹੀ ਦੀ ਰੱਖਣੀ ਜੀ' ਜਾਂ 'ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ ਜੇਹੜੀ ਕਰੇਗਾ ਖ਼ਾਲਸਾ ਪੰਥ ਮੀਆਂ' ਆਦਿ 'ਤੇ ਧਿਆਨ ਕੇਂਦ੍ਰਿਤ ਕਰਦੇ ਹਾਂ, ਤਾਂ ਇਵੇਂ ਮਹਿਸੂਸ ਹੁੰਦਾ ਹੈ ਕਿ ਸ਼ਾਹ ਮੁਹੰਮਦ ਸਿੱਖਾਂ ਨੂੰ ਹਿੰਦੂ ਤੇ ਮੁਸਲਿਮ ਧਰਾਤਲਾਂ 'ਤੇ ਕਿਸੇ ਜ਼ੋਰਾਵਰ ਹਸਤੀ ਵਜੋਂ ਤਸੱਵਰ ਕਰਦਾ ਹੈ। ਇਸੇ ਤਹਿਤ ਹੀ ਉਹ ਸਿੱਖਾਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਬਰਾਬਰ ਤੀਸਰੀ ਜਾਤ ਵਜੋਂ ਨਹੀਂ ਮੰਨਦਾ, ਬਲਕਿ ਅੰਗਰੇਜ਼ਾਂ ਨੂੰ ਤੀਸਰੀ ਜਾਤ ਕਹਿੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪੰਜਾਬੀਆਂ ਦਾ ਆਪਣਾ ਰਾਜ ਸੀ ਜਿਸ ਨੂੰ ਉਨਾਂ ਨੇ ਗੁਰੂ ਸਾਹਿਬਾਨ ਤੋਂ ਪ੍ਰੇਰਨਾ ਲੈ ਕੇ ਲੰਬੀ ਜੱਦੋ ਜਹਿਦ ਦੇ ਬਾਅਦ ਵਿਦੇਸ਼ੀ ਹਾਕਮਾਂ ਤੋਂ ਆਪਣੇ ਬਾਹੂਬਲ ਨਾਲ ਪ੍ਰਾਪਤ ਕੀਤਾ ਸੀ। ਡੋਗਰਿਆਂ ਦੀ ਗਦਾਰੀ ਤੇ ਲੀਡਰਾਂ ਦੀ ਨਾਅਹਿਲੀਅਤ ਨੇ ਪੰਜਾਬੀਆਂ ਦੀ ਇਸ ਆਜ਼ਾਦ ਫ਼ਿਜ਼ਾ ਨੂੰ ਫਿਰ ਤੋਂ ਅੰਗਰੇਜ਼ਾਂ ਦਾ ਗੁਲਾਮ ਬਣਾ ਦਿੱਤਾ। ਸ਼ਾਹ ਮੁਹੰਮਦ ਦਾ ਜੰਗਨਾਮਾ ਇਸ ਸਾਰੇ ਘਟਨਾ-ਕ੍ਰਮ ਦਾ ਇਤਿਹਾਸਕ ਦਸਤਾਵੇਜ਼ ਹੈ, ਜਿਸ ਵਿਚ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਲਾਹੌਰ ਦਰਬਾਰ ਵਿਚ ਫੈਲੀ ਅਰਾਜਕਤਾ, ਫ਼ੌਜ ਦੀ ਬੁਰਛਾਗਰਦੀ, ਅੰਗਰੇਜ਼ਾਂ ਵਿਰੁੱਧ ਫ਼ੌਜਾਂ ਦੀ ਚੜ੍ਹਾਈ, ਬਹਾਦਰੀ ਦੇ ਜੌਹਰ, ਅੰਗਰੇਜ਼ਾਂ ਦੀ ਜਿੱਤ ਅਤੇ ਲਾਹੌਰ ਉੱਪਰ ਕਬਜ਼ਾ ਆਦਿ ਦਾ ਵਰਣਨ ਕੀਤਾ ਗਿਆ ਹੈ। ਸ਼ਾਹ ਮੁਹੰਮਦ ਸਿੱਖਾਂ ਵਾਲੀ ਧਿਰ ਨਾਲ ਸੰਬੰਧਿਤ ਹੋਣ ਕਰਕੇ ਜੰਗਨਾਮੇ ਵਿਚ ਇਸ ਧਿਰ ਦੀ ਬਹਾਦਰੀ ਦੀ ਚਰਚਾ ਬੜੀ ਰੀਝ ਨਾਲ ਕਰਦਾ ਹੈ :

ਸਿੰਘ ਸੂਰਮੇ ਆਣ ਮੈਦਾਨ ਲੱਥੇ
ਗੰਜ ਲਾਹ ਸੁੱਟੇ ਉਨ੍ਹਾਂ ਗੋਰਿਆਂ ਦੇ
...............................
ਸਾਹ ਮੁਹੰਮਦਾ ਰੰਡ ਬੈਠਾਏ ਲੰਦਨ
ਸਿੰਘ ਜਾਨ ਲੈਂਦੇ ਨਾਲ ਜੋਰਿਆਂ ਦੇ।[11]

(ਜੰਗਨਾਮਾ ਸਿੰਘਾਂ ਤੇ ਫਿਰੰਗੀਆਂ)

ਇਹ ਹਿੰਦ-ਪੰਜਾਬ ਦੇ ਜੰਗ ਵਿਚ ਹਾਰ ਜਾਣ 'ਤੇ ਸ਼ਾਹ ਮੁਹੰਮਦ ਮਹਾਰਾਜਾ ਰਣਜੀਤ ਸਿੰਘ ਨੂੰ ਬੜੇ ਕਰੁਣਾਮਈ ਵੇਗ ਵਿਚ ਯਾਦ ਕਰਦਾ ਹੈ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ
....................................
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।[12]

(ਜੰਗਨਾਮਾ ਸਿੰਘਾਂ ਤੇ ਫਿਰੰਗੀਆਂ)

ਅੰਗਰੇਜ਼ਾਂ ਦੇ ਲਾਹੌਰ 'ਤੇ ਕਾਬਜ਼ ਹੋ ਜਾਣ ਉਪਰੰਤ ਸ਼ਾਹ ਮੁਹੰਮਦ ਆਪਸੀ ਸਾਂਝ ਨੂੰ ਬਰਕਰਾਰ ਰੱਖਣ ਤੇ ਅੰਗਰੇਜ਼ਾਂ ਨਾਲੋਂ ਅਲਹਿਦਗੀ ਧਾਰਨ ਕਰ ਲੈਣ ਵਿਚ ਹੀ ਪੰਜਾਬੀਆਂ ਦੀ ਭਲਾਈ ਚਿਤਵਦਾ ਹੈ:

ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ
ਉਨ੍ਹਾਂ ਨਾਲ ਨਾ ਕਿਸੇ ਦਾ ਵਾਸਤਾ ਈ।
ਉਨ੍ਹਾਂ ਨਾਲ ਨਾ ਬੈਠ ਕੇ ਗੱਲ ਕਰਨੀ
ਖ਼ੁਦੀ ਆਪਣੀ ਵਿਚ ਮਹਾਸਤਾ ਈ।[13]

(ਜੰਗਨਾਮਾ ਸਿੰਘਾਂ ਤੇ ਫਿਰੰਗੀਆਂ)

'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਸੰਬੰਧੀ ਚਰਚਾ ਕਰਦਿਆਂ ਡਾ. ਸ੍ਰੀਮਤੀ ਵਿਦਿਆਵਤੀ ਦਾ ਵੀ ਕਹਿਣਾ ਹੈ ਕਿ "ਸ਼ਾਹ ਮੁਹੰਮਦ ਪੰਜਾਬੀਅਤ ਦਾ ਚਾਨਣ ਮੁਨਾਰਾ ਹੈ। ਪੰਜਾਬੀਅਤ ਦੀ ਇਹ ਭਾਵਨਾ ਉਸਦੇ ਹਿਰਦੇ ਵਿਚੋਂ ਫੁਟਦੀ ਹੈ ਤੇ ਉਹ ਪੰਜਾਬ ਦੇ ਕਣ ਕਣ ਨੂੰ ਪਿਆਰ ਹੀ ਨਹੀਂ ਕਰਦਾ ਸਗੋਂ ਅਭਿਵਿਅਕਤ ਵੀ ਕਰਦਾ ਹੈ।"[14]

## ਹਵਾਲੇ ਅਤੇ ਟਿੱਪਣੀਆਂ

1 ਅਜਮੇਰ ਸਿੰਘ (ਸੰਪਾ.), 'ਧਰਮ ਯੁੱਧ ਕਾ ਚਾਇ' (ਸੰਪਾਦਕੀ), ***ਖੋਜ ਪੱਤ੍ਰਿਕਾ***, ਬੀਰ ਕਾਵਿ ਵਿਸ਼ੇਸ਼ ਅੰਕ, ਪੰ. V
2 ਕਿਰਪਾਲ ਸਿੰਘ ਕਸੇਲ ਤੇ ਹੋਰ (ਸੰਪਾ.), ***ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,*** ਪੰ. 55
3 ਅਜਮੇਰ ਸਿੰਘ (ਸੰਪਾ.), ਉਹੀ, ਪੰ. V
4 ਪਿਆਰਾ ਸਿੰਘ ਪਦਮ (ਸੰਪਾ.), ***ਪੰਜਾਬੀ ਵਾਰਾਂ,*** ਪੰ. 234

5 ਉਹੀ, ਪੰ. 41
6 ਅਜਮੇਰ ਸਿੰਘ, ਉਹੀ, ਪੰ. V
7 ਡਾ. ਗੰਡਾ ਸਿੰਘ (ਸੰਪਾ.), ***ਪੰਜਾਬ ਦੀਆਂ ਵਾਰਾਂ***, ਪੰ. 94
8 ਅਜਮੇਰ ਸਿੰਘ (ਸੰਪਾ.), 'ਪੰਜਾਬੀ ਵਾਰ ਕਾਵਿ', ***ਖੋਜ ਪਤ੍ਰਿਕਾ*** ਬੀਰ ਕਾਵਿ ਵਿਸ਼ੇਸ਼ ਅੰਕ, ਪੰ. 48
9 ਡਾ. ਦਿਲਬਾਰਾ ਸਿੰਘ ਬਾਜਵਾ, ***ਜੰਗਨਾਮਾ ਸ਼ਾਹ ਮੁਹੰਮਦ – ਇਕ ਸਰਵੇਖਣ***, ਪੰ. 85
10 ਡਾ. ਸ੍ਰੀਮਤੀ ਵਿਦਿਆਵਤੀ (ਸੰਪਾ.), ***ਜੰਗਨਾਮਾ ਸਿੰਘਾਂ ਤੇ ਫਿਰੰਗੀਆਂ***, ਪੰ. 66
11 ਉਹੀ, ਪੰ. 88
12 ਉਹੀ, ਪੰ. 95
13 ਉਹੀ, ਪੰ. 99
14 ਉਹੀ, ਪੰ. 51

# ਨੈਤਿਕਤਾ ਅਤੇ ਅਜੋਕੀ ਨੌਜਵਾਨ ਪੀੜ੍ਹੀ

**ਦਿਲਬਾਰਾ ਸਿੰਘ ਬਾਜਵਾ**
ਐਸੋਸੀਏਟ ਪ੍ਰੋਫੈਸਰ,
ਖਾਲਸਾ ਕਾਲਜ,
ਗੜ੍ਹਦੀਵਾਲਾ (ਹੁਸ਼ਿਆਰਪੁਰ)

## ***ਐਬਸਟ੍ਰੈਕਟ***

*ਸਭਿਆਚਾਰ ਵਿਚ ਜੀਵਨ ਦੇ ਕੀਮਤੀ ਖਜਾਨੇ ਸਮਾਏ ਹੋਏ ਹਨ। ਸਮਾਜ ਦੀ ਵਿਕਾਸ ਦੀ ਤੋਰ ਨਾਲ ਸਭਿਆਚਾਰ ਆਪਣਾ ਨਵਾਂ ਰਸਤਾ ਅਖਤਿਆਰ ਕਰਦਾ ਰਹਿੰਦਾ ਹੈ। ਉਸ ਵਿਚ ਪਰਿਵਰਤਨ ਆਉਣਾ ਵੀ ਲਾਜ਼ਮੀ ਹੈ। ਪੱਛਮੀ ਪ੍ਰਭਾਵ ਵੱਧਣ ਨਾਲ ਪੰਜਾਬੀ ਭਾਈਚਾਰੇ ਵਿਚ ਕਈ ਪ੍ਰਕਾਰ ਦੇ ਪਰਿਵਰਤਨ ਆਏ ਹਨ। ਪੰਜਾਬੀਆਂ ਦੇ ਰਹਿਣ ਸਹਿਣ ਵਿਚ ਵੱਡੀ ਤਬਦੀਲੀ ਆਈ ਹੈ। ਪੰਜਾਬੀ ਰਹਿਣ-ਸਹਿਣ ਵਿਚ ਪਰਿਵਰਤਨ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਵੀ ਤਬਦੀਲ ਹੁੰਦਾ ਰਹਿੰਦਾ ਹੈ। ਪੰਜਾਬੀ ਸਭਿਆਚਾਰ ਆਪਣੇ ਆਪ ਵਿਚ ਅਮੀਰ ਵਿਰਸਾ ਸਮੋਈ ਬੈਠਾ ਹੈ। ਆਧੁਨਿਕ ਦੌਰ ਦੇ ਯੁੱਗ ਵਿਚ ਪੰਜਾਬੀ ਨੌਜਵਾਨ ਆਪਣੇ ਅਮੀਰ ਵਿਰਸੇ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਸ ਦੀਆਂ ਰੁਚੀਆਂ ਵਿਚ ਪਰਿਵਰਤਨ ਆ ਰਿਹਾ ਹੈ। ਜਿਥੋਂ ਤਕ ਉਸਾਰੂ ਰੁਚੀਆਂ ਭਾਰੂ ਰਹੀਆਂ ਹਨ ਉਹ ਸਲਾਹੁਣ ਯੋਗ ਹੈ ਪਰ ਭੈੜੀਆਂ ਬਾਦੀਆਂ ਤੋਂ ਬਚਣ ਦੀ ਵੀ ਬਹੁਤ ਜ਼ਰੂਰਤ ਹੈ। ਇਸ ਲੇਖ 'ਨੈਤਿਕਤਾ ਅਤੇ ਅਜੋਕੀ ਨੌਜਵਾਨ ਪੀੜੀ' ਅਧੀਨ ਪੰਜਾਬੀ ਨੌਜਵਾਨ ਨੂੰ ਆਪਣੇ ਵਿਰਸੇ ਤੋਂ ਜਾਣੂ ਕਰਵਾ ਕੇ ਬੁਰਾਈਆਂ ਤੋਂ ਬਚਣ ਲਈ ਪ੍ਰੇਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪ੍ਰੇਰਨਾ ਅਧੀਨ ਕਾਮਨਾ ਕੀਤੀ ਜਾਂਦੀ ਹੈ ਕਿ ਪੰਜਾਬੀ ਨੌਜਵਾਨ ਆਪਣੇ ਨਿੱਗਰ ਵਿਰਸੇ ਨਾਲ ਜੁੜਦੇ ਹੋਏ ਦੇਸ਼ ਦੀ ਤਰੱਕੀ ਵਿਚ ਉਸਾਰੂ ਭੂਮਿਕਾ ਨਿਭਾਉਣ ਦਾ ਉਪਰਾਲਾ ਕਰਨ।*

ਨੈਤਿਕਤਾ ਤੋਂ ਭਾਵ ਹੈ- ਉੱਚ ਆਦਰਸ਼ । ਇਨਾਂ ਉੱਚ ਆਦਰਸ਼ਾਂ ਨੂੰ ਅਪਣਾਉਣ ਲਈ ਇਨਸਾਨ ਵਿਚ ਇਨਸਾਨੀਅਤ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਸ ਇਨਸਾਨ ਦੀ ਨੀਅਤ ਸਾਫ ਹੈ ਉਹ ਨੈਤਿਕ ਗੁਣਾਂ ਦਾ ਧਾਰਨੀ ਹੈ। ਚੰਗੀ ਨੀਅਤ ਜਾਂ ਉੱਚ-ਆਦਰਸ਼ ਦੇ ਵਿਚਾਰ ਰੱਖਣ ਵਾਲਾ ਵਿਅਕਤੀ ਹੀ ਦੂਜਿਆਂ ਪ੍ਰਤੀ ਹਮਦਰਦੀ ਤੇ ਸਦਭਾਵਨਾ ਪ੍ਰਗਟ ਕਰ ਸਕਦਾ ਹੈ। ਅਜਿਹੇ ਵਿਅਕਤੀ ਨਿਰਸਵਾਰਥ ਹੋ ਕੇ ਦੂਜਿਆਂ ਦੀ ਭਲਾਈ ਲਈ ਉਪਰਾਲਾ ਕਰਦੇ ਹਨ। ਇਸ ਨੈਤਿਕਤਾ ਲਈ ਮਨੁੱਖ ਦਾ ਧਰਮੀ ਹੋਣਾ ਬਹੁਤ ਜਰੂਰੀ ਹੈ। ਅਸੀਂ ਜੀਵਨ ਦੀਆਂ ਕਦਰਾਂ-ਕੀਮਤਾਂ ਨੂੰ ਧਰਮ ਦੀ ਸਹਾਇਤਾ ਨਾਲ ਹੀ ਗ੍ਰਹਿਣ ਕਰ ਸਕਦੇ ਹਾਂ । ਇਸ ਸੰਬੰਧੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਤਿਆਰ ਕੀਤੀ ਪੁਸਤਕ 'ਨੈਤਿਕ ਸਿੱਖਿਆ' ਦਾ ਇਹ ਵਿਚਾਰ ਮਹੱਤਵਪੂਰਣ ਹੈ, "ਆਮ ਤੌਰ ਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਧਰਮ ਅਤੇ ਵਿਗਿਆਨ ਦਾ ਆਪਸ ਵਿਚ ਵਿਰੋਧ ਹੈ ਪ੍ਰੰਤੂ ਇਹ ਧਾਰਨਾ ਠੀਕ ਨਹੀਂ ਹੈ। ਧਰਮ ਅਤੇ ਵਿਗਿਆਨ ਦੋਵੇਂ ਸੱਚ ਦੀ ਖੋਜ ਵਿਚ ਲੱਗੇ ਰਹਿੰਦੇ ਹਨ। ਵਿਗਿਆਨ ਦੀ ਖੋਜ ਦਾ ਸੰਬੰਧ ਪਦਾਰਥ ਨਾਲ ਹੈ, ਧਰਮ ਦੀ ਖੋਜ ਦਾ ਸੰਬੰਧ ਪਰਮਾਰਥ ਨਾਲ ਹੈ। ਦੋਵੇਂ ਹੀ ਇਨਸਾਨੀ ਜੀਵਨ ਨੂੰ ਬਿਹਤਰ ਬਣਾਉਣ ਲਈ ਲੋੜੀਂਦੇ ਹਨ। ਵਿਗਿਆਨ ਦੀ ਖੋਜ ਨਾਲ ਸਾਡਾ ਲੋਕ ਸੁਖੀਆ ਹੁੰਦਾ ਹੈ। ਧਰਮ ਦੀ ਖੋਜ ਨਾਲ ਸਾਡਾ ਪਰਲੋਕ ਸੁਹੇਲਾ ਹੁੰਦਾ ਹੈ। ਧਰਮ ਤੇ ਵਿਗਿਆਨ ਦੋਵਾਂ ਦਾ ਮਨੋਰਥ ਸੱਚ ਦੀ ਤਲਾਸ਼ ਹੈ।"[1]

ਸਮਾਜਿਕ ਪ੍ਰਾਣੀ ਹੁੰਦਿਆਂ ਹੋਇਆਂ ਵਿਆਕਤੀ ਦਾ ਵਾਹ-ਵਾਸਤਾ ਅਣਗਿਣਤ ਲੋਕਾਂ ਨਾਲ ਪੈਂਦਾ ਹੈ। ਮਨੁੱਖ ਦੀ ਬੁਨਿਆਦੀ ਰੁਚੀ ਵੀ ਹੈ ਕਿ ਉਹ ਜਿੰਦਗੀ ਵਿਚ ਵਿਚਰਦਿਆਂ ਆਪਣੇ ਕੁੱਝ ਸੱਜਣਾਂ-ਮਿੱਤਰਾਂ ਦੀ ਲੋੜ ਅਨੁਭਵ ਕਰਦਾ ਹੈ ਜਿਨ੍ਹਾਂ ਨਾਲ ਉਹ ਆਪਣੇ ਦੁੱਖ-ਸੁੱਖ ਸਾਂਝੇ ਕਰ ਸਕੇ। ਜਿਸ ਵਿਆਕਤੀ ਦੀ ਚੋਣ ਕੀਤੀ ਜਾਂਦੀ ਹੈ, ਉਸ ਤੋਂ ਦੁੱਖ-ਸੁੱਖ ਸਮੇਂ ਪੂਰਨ ਮਦਦ ਦੀ ਆਸ ਰੱਖੀ ਜਾਂਦੀ ਹੈ। ਇਸ ਤਰਾਂ ਇਕ-ਇਕ ਦੀ ਲੜੀ ਜੁੜਨ ਨਾਲ ਸਮਾਜ ਦਾ ਪ੍ਰੱਤਖ ਚਿਹਰਾ ਸਾਹਮਣੇ ਆਉਂਦਾ ਹੈ। ਇਸ ਲਈ ਸਭ ਤੋਂ ਜਿਆਦਾ ਸਾਡੀ ਨੋਜਵਾਨ ਪੀੜੀ ਨੂੰ ਵਧੇਰੇ ਜਾਗਰੁਕ ਹੋਣ ਦੀ ਲੋੜ ਹੈ। ਪਰ ਅੱਜ ਦੇ ਨੋਜਵਾਨ

ਦਾ ਨਸ਼ਿਆਂ ਵਿਚ ਗਰਕ ਜਾਣਾ, ਮਾੜੀਆਂ ਆਦਤਾਂ ਦਾ ਧਾਰਨੀ ਹੋਣਾ, ਨੈਤਿਕਤਾ ਉਤੇ ਕਲੰਕ ਹੈ । 'ਅਸੀਂ ਗੱਭਰੂ ਦੇਸ਼ ਪੰਜਾਬ ਦੇ' ਗੀਤ ਵਿਚ ਗਾਇਕ ਨੇ ਭਾਵੇਂ 'ਭਲੇ ਵੇਲੇ' ਦੇ ਪਿੰਡ ਦੀ ਸਿਫਤ ਕਰਦਿਆਂ ਪੰਜਾਬ ਦੇ ਪਿੰਡਾਂ ਦੇ ਗੱਭਰੂਆਂ ਅਤੇ ਮੁਟਿਆਰਾਂ ਦੇ ਜੁੱਸੇ ਅਤੇ ਹੁਸਨ ਦੀ ਗੱਲ ਕੀਤੀ ਹੈ, ਉਥੇ ਉਸਨੇ ਪਿੰਡਾਂ ਦੇ ਆਪਸੀ ਭਾਈਚਾਰੇ ਅਤੇ ਰਲ ਮਿਲ ਕੇ ਰੀਤੀ ਰਿਵਾਜ਼ ਮਨਾਉਣ ਦੀ ਗੱਲ ਕੀਤੀ ਹੈ ਪਰ ਕੀ ਅੱਜ ਦੇ ਪੰਜਾਬ ਵਿਚ ਕੋਈ ਅਜਿਹਾ ਪਿੰਡ ਲੱਭ ਸਕਦਾ ਹੈ ਜਿਹੜਾ ਇਸ ਗੀਤ ਦੀਆਂ ਸਤਰਾਂ ਉੱਪਰ ਅੱਧਾ ਪੂਰਾ ਵੀ ਉੱਤਰਦਾ ਹੋਵੇ।

ਉਹ ਪੰਜਾਬ ਜਿਸ ਦੇ ਛੈਲ ਛਬੀਲੇ ਗੱਭਰੂ, ਗਜ-ਗਜ ਲੰਮੇ ਟੌਰ੍ਹੇ ਵਾਲੀਆਂ ਪੱਗਾਂ ਬੰਨ ਕੇ ਅਤੇ ਧਰਤੀ ਸੁੰਭਰਵੇਂ ਚਾਦਰੇ ਬੰਨ੍ਹ ਕੇ ਅਤੇ ਹੱਥ ਵਿਚ ਸੰਮਾਂ ਵਾਲੀ ਡਾਂਗ ਫੜਕੇ ਜਦੋਂ ਮੇਲਾ ਵੇਖਣ ਜਾਂਦੇ ਸਨ ਤਾਂ ਉਹਨਾਂ ਬਾਂਕੇ ਨੌਜਵਾਨਾਂ ਨੂੰ ਦੇਖਣ ਵਾਲਿਆਂ ਦੀ ਭੁੱਖ ਲਹਿੰਦੀ ਸੀ। 'ਫੜੀ ਬੇਬੇ ਟੁੱਕ ਮੁੰਡਾ ਵੇਖ ਲੈਣ ਦੇ' ਵਰਗੀ ਲੋਕ ਬੋਲੀ ਵੀ ਸ਼ਾਇਦ ਪੰਜਾਬੀ ਗੱਭਰੂ ਦੀ ਟੌਹਰ ਵੇਖਦੇ ਹੀ ਬਣਾਈ ਹੋਵੇਗੀ। ਡਾ. ਬਲਬੀਰ ਸਿੰਘ ਪੂਨੀ ਪੰਜਾਬੀਆਂ ਦੇ ਸੁਭਾ ਬਾਰੇ ਗੱਲ ਕਰਦਿਆਂ ਕਹਿੰਦਾ ਹੈ ਕਿ, "ਹੱਡ ਭੰਨਵੀਂ ਮਿਹਨਤ ਕਰਨੀ ਪੰਜਾਬੀ ਦਾ ਸੁਭਾ ਹੈ। ਇਹ ਮੰਗ ਕੇ ਖਾਣ ਨਾਲੋਂ ਮਰ ਜਾਣਾ ਚੰਗਾ ਸਮਝਦੇ ਹਨ। ਇਨ੍ਹਾਂ ਨੇ ਬਾਰ ਦੇ ਜੰਗਲਾਂ ਨੂੰ ਕੱਟ ਕੇ ਹਰਾ-ਭਰਾ ਕਰ ਦਿੱਤਾ ਹੈ।"[2] ਇਸੇ ਤਰ੍ਹਾਂ ਪੰਜਾਬੀ ਕਿਸਾਨੀ ਜੀਵਨ ਦੀ ਪੇਸ਼ਕਾਰੀ ਕਰਦਿਆਂ ਹਰਕੇਸ਼ ਸਿੰਘ ਕਹਿਲ ਕਹਿੰਦਾ ਹੈ ਕਿ, "ਜੱਟਾਂ ਨੇ ਪੰਜਾਬ ਦੇ ਜੰਗਲਾਂ ਨੂੰ ਹੱਥੀਂ ਕੱਟ-ਵੱਢ ਕੇ ਆਬਾਦ ਕੀਤਾ। ਹਰੇ ਇਨਕਲਾਬ ਤੋਂ ਪਹਿਲਾਂ ਜੱਟ ਦੀ ਜੂਨ ਬੁਰੀ ਸੀ।"[3] ਮਿਸ ਕੰਚਨ ਰਾਣੀ ਪੰਜਾਬੀ ਸਭਿਆਚਾਰ ਬਨਾਮ ਪੱਛਮੀ ਸਭਿਆਚਾਰ ਵਿਸ਼ੇ 'ਤੇ ਗੱਲ ਕਰਦਿਆਂ ਕਹਿੰਦੀ ਹੈ ਕਿ, "ਪੱਛਮੀਕਰਨ ਦੇ ਦੌਰ ਵਿਚ ਸਾਡਾ ਆਪਣਾ ਖੇਤਰੀ ਸਭਿਆਚਾਰ ਬਹੁਤ ਪ੍ਰਭਾਵਿਤ ਹੋ ਰਿਹਾ ਹੈ। ਪੱਛਮੀ ਸਭਿਆਚਾਰ ਦੇ ਪ੍ਰਭਾਵ ਹੇਠ ਪੰਜਾਬ ਦਾ ਭੌਤਿਕ ਅਤੇ ਅਭੌਤਿਕ ਸਭਿਆਚਾਰ ਜਿਸ ਵਿਚ ਪੰਜਾਬ ਦਾ ਖਾਣਾ-ਪੀਣਾ, ਪਹਿਰਾਵਾ, ਲੋਕਗੀਤ, ਮਨ-ਪ੍ਰਚਾਵੇ ਦੇ ਸਾਧਨ ਅਤੇ ਰਸਮ-ਰਿਵਾਜ਼ ਆਦਿ ਜੋ ਕਿ ਸਾਡੀ ਪੰਜਾਬੀਅਤ ਦਾ ਪਛਾਣ ਪੱਤਰ ਹਨ, ਹੌਲੀ-ਹੌਲੀ ਆਪਣੀ ਹੋਂਦ ਗਵਾ ਰਹੇ ਹਨ।"[4] ਪੰਜਾਬੀ ਨੌਜਵਾਨਾਂ ਦੀ ਖੁਰਾਕ ਬਹੁਤ ਸ਼ੁੱਧ ਸੀ। ਕਾੜ੍ਹਨੀ ਦਾ ਦੁੱਧ, ਦੇਸੀ ਘਿਉ, ਸ਼ੱਕਰ ਉਨ੍ਹਾਂ ਦੀ ਖੁਰਾਕ ਦੇ ਮੁੱਖ ਅੰਗ ਸਨ। ਛੰਨੇ ਭਰ-ਭਰ ਦੁੱਧ ਪੀਣਾ, ਚਾਲੀ-ਚਾਲੀ ਜੋਟੇ ਲੱਡੂਆਂ ਦੇ ਖਾਣ ਵਾਲੇ ਗੱਭਰੂਆਂ ਦਾ ਜ਼ਿਕਰ ਅਕਸਰ ਵਡੇਰੇ ਕਰਿਆ ਕਰਦੇ ਹਨ, ਪਿੰਡਾਂ ਵਿਚ ਕੋਈ ਵੀ ਬੰਦਾ ਨਸ਼ੇ-ਪੱਤੇ ਦਾ ਸ਼ਿਕਾਰ ਨਹੀਂ ਹੁੰਦਾ ਸੀ। ਸ਼ਰਾਬ ਦੀ ਵਰਤੋਂ ਵੀ ਵਿਆਹ-ਸ਼ਾਦੀਆਂ ਜਾਂ ਕਿਸੇ ਤਿਉਹਾਰ ਵਾਲੇ ਦਿਨ ਹੀ ਕੀਤੀ ਜਾਂਦੀ ਸੀ। ਅਫੀਮ ਦੀ ਵਰਤੋਂ ਪਿੰਡ ਦਾ ਕੋਈ ਅਮੀਰ ਆਦਮੀ ਜਾਂ ਕੋਈ ਸਰਪੰਚ ਆਦਿ ਹੀ ਕਰਦੇ ਸਨ, ਆਮ ਆਦਮੀ ਨਸ਼ੇ ਤੋਂ ਬਚਿਆ ਹੋਇਆ ਸੀ, ਪਰ ਕੀ ਅੱਜ ਦੇ ਪੰਜਾਬ ਵਿਚ ਕੋਈ ਐਸਾ ਘਰ ਲੱਭ ਸਕਦਾ ਹੈ ਜਿਥੇ ਕਿਸੇ ਕਿਸਮ ਦੇ ਨਸ਼ੇ ਦੀ ਵਰਤੋਂ ਨਾ ਕੀਤੀ ਜਾਂਦੀ ਹੋਵੇ? ਸੱਚ ਤਾਂ ਇਹ ਹੈ ਕਿ ਜੇਕਰ ਕਿਸੇ ਦਾ ਨੌਜਵਾਨ ਪੁੱਤਰ ਹਰ ਰੋਜ਼ ਇਕੱਲੀ ਸ਼ਰਾਬ ਹੀ ਪੀਂਦਾ ਹੈ ਤਾਂ ਘਰ ਦੇ ਸ਼ੁਕਰ ਮਨਾਉਂਦੇ ਹਨ ਕਿ ਮੁੰਡਾ ਇਕੱਲੀ ਸ਼ਰਾਬ ਹੀ ਪੀਂਦਾ ਹੈ ਪਰ ਹੋਰ ਕੋਈ ਨਸ਼ਾ ਨਹੀਂ ਕਰਦਾ। ਭਾਵੇਂ ਪੰਜਾਬ ਦੀ ਜਵਾਨੀ ਦਾ ਸਭ ਤੋਂ ਵੱਧ ਨੁਕਸਾਨ ਇਕੱਲੀ ਸ਼ਰਾਬ ਹੀ ਕਰਦੀ ਹੈ ਅਤੇ ਸੜਕਾਂ ਉੱਪਰ ਹੋਏ ਐਕਸੀਡੈਂਟ ਬਹੁਤੇ ਸ਼ਰਾਬ ਪੀਣ ਕਰਕੇ ਹੀ ਹੁੰਦੇ ਹਨ ਪਰ ਫਿਰ ਵੀ ਸ਼ਰਾਬ ਨੂੰ ਲੋਕ 'ਵੈਸ਼ਨੂੰ ਨਸ਼ਾ' ਹੀ ਸਮਝਣ ਲੱਗ ਪਏ ਹਨ। ਅੱਜ ਕੱਲ ਦੇ ਨੌਜਵਾਨ ਦੁੱਧ, ਘਿਉ, ਲੱਸੀ ਨੂੰ ਭੁੱਲ ਕੇ ਸਮੈਕ, ਅਫੀਮ, ਚਰਸ, ਲੋਮੋਟਿਲ ਅਤੇ ਹੋਰ ਮਹਿੰਗੇ ਨਸ਼ੇ ਦੀ ਵਰਤੋਂ ਕਰਨ ਲੱਗ ਪਏ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਤਿਆਰ ਕੀਤੀ ਰਿਪੋਰਟ ਅਨੁਸਾਰ ਪੰਜਾਬ ਦੇ 80% ਨੌਜਵਾਨ ਕਿਸੇ ਨਾ ਕਿਸੇ ਪ੍ਰਕਾਰ ਦਾ ਨਸ਼ਾ ਕਰਦੇ ਹਨ। 67% ਪੇਂਡੂ ਘਰਾਂ ਵਿਚ ਪਰਿਵਾਰ ਦਾ ਘੱਟੋ-ਘੱਟ ਇੱਕ ਮੈਂਬਰ ਨਸ਼ੇੜੀ ਹੈ। ਸਕੂਲ ਪੜ੍ਹਨ ਜਾਂਦੇ 66% ਬੱਚੇ ਤਮਾਕੂ ਜਾਂ ਗੁਟਕੇ ਦਾ ਸੇਵਨ ਕਰਦੇ ਹਨ। ਕਲਾਸ ਵਿਚ ਪੜ੍ਹਨ ਵਾਲੇ 33% ਮੁੰਡੇ ਅਤੇ 10% ਕੁੜੀਆਂ ਕਿਸੇ ਨਾ ਕਿਸੇ ਪ੍ਰਕਾਰ ਦਾ ਨਸ਼ਾ ਕਰਦੇ ਹਨ।

ਯੂ. ਐਨ. ਓ. ਦੇ ਨਸ਼ਾ ਸਿਧੀਕਰਨ ਪਰੋਗ੍ਰਮ ਅਤੇ ਭਾਰਤ ਦੇ ਸਮਾਜਿਕ ਨਿਆਂ ਮੰਤਰਾਲੇ ਵੱਲੋਂ ਕਰਾਏ ਅਧਿਐਨ ਮੁਤਾਬਕ ਪੰਜਾਬ ਵਿਚ 16-35 ਸਾਲ ਤੱਕ ਦੀ ਉਮਰ ਦੇ ਨੌਜਵਾਨਾ ਦਾ 73.5% ਭਾਗ 'ਪੱਕੇ ਨਸ਼ੇੜੀ' ਬਣ ਚੁੱਕੇ ਹਨ।

ਪੰਜਾਬ ਦੇ ਸਾਬਕਾ ਡੀ. ਜੀ. ਪੀ. ਜੇਲਾਂ ਸ਼ਸ਼ੀਕਾਂਤ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਪਟੀਸ਼ਨ ਵਿਚ ਇਹ ਤੱਥ ਸ਼ਾਮਲ ਹਨ ਕਿ ਪੰਜਾਬ ਵਿਚ ਸਾਲਾਨਾ 60000 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਦਾ ਧੰਦਾ ਹੁੰਦਾ ਹੈ। ਸੂਬੇ ਦੀ 75% ਆਬਾਦੀ ਨਸ਼ੀਲੀਆਂ ਵਸਤਾਂ ਦੀ ਮਾਰ ਹੇਠ ਹੈ। ਪੰਜਾਬ ਵਿਚ ਸਕੂਲ ਜਾਂਦੇ ਬੱਚਿਆਂ ਦਾ 60% ਕਿਸੇ ਨਾ ਕਿਸੇ ਸਮੇਂ ਨਸ਼ੇ ਦਾ ਸੇਵਨ ਕਰ ਚੁੱਕਾ ਹੈ। ਸਭ ਤੋਂ ਪੱਕੇ ਨਸ਼ੇੜੀ 16-30 ਸਾਲ ਤੱਕ ਦੀ ਉਮਰ ਦੇ ਵਿਅਕਤੀ ਹੁੰਦੇ ਹਨ। ਨਸ਼ਿਆਂ ਦੀ ਵਰਤੋਂ ਦੇ ਸਿੱਟੇ ਵਜੋਂ ਪੰਜਾਬੀ ਆਦਮੀ ਨਿਪੁੰਸਕ ਹੋ ਰਹੇ ਹਨ।

ਅੱਜ ਕੱਲ੍ਹ ਦੇ ਪੰਜਾਬੀ ਨੌਜਵਾਨ ਦੇ ਲੱਕ ਉੱਪਰ ਤਾਂ ਧਰਤੀ ਸੁੰਭਰਵਾਂ ਚਾਦਰਾ ਖੜ ਹੀ ਨਹੀਂ ਸਕਦਾ ਅਤੇ ਪੱਗ ਬੰਨ੍ਹਣ ਵਾਲਾ ਨੌਜਵਾਨ ਵੀ ਸੈਂਕੜਿਆਂ ਵਿਚੋਂ ਇਕ ਹੀ ਹੋਵੇਗਾ। ਤੁਰਲੇ ਵਾਲੀ ਪੱਗ ਅਤੇ ਹੱਥਾਂ ਵਿਚ ਸੰਮਾਂ ਵਾਲੀ ਡਾਂਗ ਬਾਰੇ ਤਾਂ ਅੱਜ ਕੱਲ੍ਹ ਦੇ ਨੌਜਵਾਨਾਂ ਨੂੰ ਇਹ ਹੀ ਭੁਲੇਖਾ ਹੋਵੇਗਾ ਕਿ ਸ਼ਾਇਦ ਇਹ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਮਨਾਏ ਜਾਣ ਵਾਲੇ ਯੂਥ ਫੈਸਟੀਵਲਾਂ ਵਿਚ ਕਰਵਾਏ ਜਾਣ ਵਾਲੇ ਭੰਗੜੇ ਦੇ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਨੌਜਵਾਨ ਹੀ ਬੰਨ੍ਹਦੇ ਹਨ। ਡਾ. ਜੀਤ ਸਿੰਘ ਜੋਸ਼ੀ ਪੰਜਾਬੀਆਂ ਬਾਰੇ ਗੱਲ ਕਰਦੇ ਕਹਿੰਦੇ ਹਨ, "ਪੰਜਾਬੀ ਲੋਕ ਜਿਊਣ ਨਾਲੋਂ ਵੀ ਵਧੇਰੇ ਮਹੱਤਵ ਮਟਕ ਨਾਲ ਜਿਊਣ ਨੂੰ ਦਿੰਦੇ ਹਨ। ਇਹ ਮਟਕ ਤਾਂ ਹੀ ਕਾਇਮ ਰਹਿ ਸਕਦੀ ਹੈ, ਜੇਕਰ ਕੋਈ ਸੁਤੰਤਰ ਹੋਵੇਗਾ।"[5] ਪਰ ਅੱਜ ਦਾ ਪੰਜਾਬੀ ਨੌਜਵਾਨ ਨਸ਼ਿਆਂ ਦਾ ਗੁਲਾਮ ਹੁੰਦਾ ਜਾ ਰਿਹਾ ਹੈ ਅਤੇ ਆਪਣੀ ਪਛਾਣ ਗੁਆ ਰਿਹਾ ਹੈ। ਅਜੋਕੇ ਪੰਜਾਬ ਦੇ ਨੌਜਵਾਨਾਂ ਦਾ ਹੇਅਰ ਸਟਾਈਲ ਅਤੇ ਕੱਪੜਿਆਂ ਨੂੰ ਵੇਖਦੇ ਤਾਂ ਇਹ ਅੰਦਾਜ਼ਾ ਲਗਾਉਣਾ ਹੀ ਔਖਾ ਹੋ ਜਾਂਦਾ ਹੈ ਕਿ ਕੋਈ ਮੁੰਡਾ ਤੁਰਿਆ ਆਉਂਦਾ ਹੈ ਜਾਂ ਕੋਈ ਕੁੜੀ। ਗਿਆਨੀ ਗੁਰਦਿੱਤ ਸਿੰਘ ਪੰਜਾਬੀਆਂ ਦੇ ਰਹਿਣ-ਸਹਿਣ ਸੰਬੰਧੀ ਗੱਲ ਕਰਦਿਆਂ ਕਹਿੰਦੇ ਹਨ, "ਪੰਜਾਬੀਆਂ ਦੇ ਰਹਿਣ-ਸਹਿਣ ਦੇ ਬਦਲਦੇ ਰੰਗ-ਢੰਗ ਦੇ ਰੂਪ ਦੇਖ ਕਈ ਵਾਰ ਇਉਂ ਪ੍ਰਤੀਤ ਹੁੰਦਾ ਹੈ, ਕੀ ਅਸੀਂ ਆਪਣੇ ਉਸੇ ਦੇਸ਼ ਵਿਚ ਵਿਚਰ ਰਹੇ ਹਾਂ ਜਿਥੇ ਬਚਪਨ ਵੇਲੇ ਰੁਲਦੇ-ਖੁਲਦੇ, ਧੂੜ-ਧਪਾਟੇ ਵਿਚ ਲਿੱਬੜੇ-ਤਿੱਬੜੇ ਖੇਡਦੇ ਮਲ੍ਹਦੇ ਹੁੰਦੇ ਸੀ?"[6] ਕੁੰਢੀਆਂ ਮੁੱਛਾਂ, ਦਗ-ਦਗ ਕਰਦਾ ਚਿਹਰਾ ਅਤੇ ਚੌੜੀ ਛਾਤੀ ਵਾਲੇ ਨੌਜਵਾਨ ਤਾਂ ਹੁਣ ਮੋਮਬੱਤੀ ਲੈਕੇ ਵੀ ਲੱਭਣ ਗਿਆਂ ਨੂੰ ਸ਼ਾਇਦ ਹੀ ਲੱਭੇ। ਪੰਜਾਬੀ ਨੌਜਵਾਨਾਂ ਦੀ ਛਾਤੀ ਦੇ ਸਾਈਜ਼ ਦੇ ਘਟਣ ਕਾਰਨ ਹੀ ਸ਼ਾਇਦ ਪੰਜਾਬ ਪੁਲਸ ਨੂੰ ਭਰਤੀ ਲਈ ਮਾਪਦੰਡ ਬਦਲਣੇ ਪਏ ਹਨ ਤਾਂ ਕਿ ਨੌਜਵਾਨਾਂ ਨੂੰ ਪੁਲਸ ਵਿਚ ਭਰਤੀ ਕੀਤਾ ਜਾ ਸਕੇ।

ਕਿਸੇ ਵੇਲੇ ਪੰਜਾਬੀ ਮੁਟਿਆਰਾਂ ਦੇ ਹੁਸਨ ਦੀ ਧਾਂਕ ਸਾਰੇ ਭਾਰਤ ਵਿਚ ਸੀ। ਪੰਜਾਬਣਾਂ ਦੀ ਸੁੰਦਰਤਾ, ਬਹਾਦਰੀ, ਦਲੇਰੀ ਅਤੇ ਉਹਨਾਂ ਦੀ ਪੌਸ਼ਾਕ ਉਹਨਾਂ ਦੀ ਪਹਿਚਾਣ ਸੀ। ਪੰਜਾਬਣ ਦੇ ਸਿਰ ਫੁਲਕਾਰੀ, ਸੂਫ ਦਾ ਘੱਗਰਾ, ਲੌਂਗ, ਪੱਤੀਆਂ, ਕਲੀਰੇ, ਵੰਗਾਂ, ਸੱਗੀ ਫੁੱਲ ਪੰਜਾਬਣ ਦੇ ਰੂਪ ਦਾ ਸ਼ਿੰਗਾਰ ਹੁੰਦੇ ਸਨ।

ਤ੍ਰਿੰਝਣ, ਚਰਖੇ, ਗਲੋਟੇ, ਪੂਣੀਆਂ, ਅਟੇਰਨ, ਡੋਰੀਏ, ਤੱਕਲੇ, ਤੰਦ ਹੁਣ ਬੁਝਾਰਤ ਬਣ ਚੁੱਕੇ ਹਨ। ਅੱਜ ਕੱਲ੍ਹ ਦੀ ਪੰਜਾਬੀ ਮੁਟਿਆਰ ਨੂੰ ਤਾਂ ਫੁਲਕਾਰੀ ਅਤੇ ਬਾਗ ਦੇ ਫਰਕ ਦਾ ਵੀ ਪਤਾ ਨਹੀਂ ਹੋਣਾ। ਜੇਕਰ ਅਜੋਕੀ ਮੁਟਿਆਰ ਸੱਗੀ ਫੁੱਲ ਪਹਿਨ ਵੀ ਲਵੇ ਤਾਂ ਉਸ ਦੇ ਭਾਰ ਨਾਲ ਉਸ ਨੂੰ 'ਸਰਵਾਈਕਲ' ਵੀ ਹੋ ਸਕਦਾ ਹੈ। ਚਰਖਾ ਹੁਣ ਆਰਕੈਸਟਰਾ ਵਾਲਿਆਂ ਲਈ ਹੀ ਰਹਿ ਗਿਆ ਹੈ, ਜਿਹੜੇ ਚਰਖੇ ਨੂੰ ਸਟੇਜ਼ ਉੱਪਰ ਰੱਖ ਕੇ ਆਪਣੇ ਆਪ ਨੂੰ ਪੰਜਾਬੀ ਸਭਿਆਚਾਰ ਦੇ ਰਾਖੇ ਸਮਝਣ ਲੱਗ ਪੈਂਦੇ ਹਨ।

ਪੰਜਾਬਣ ਮੁਟਿਆਰ ਦਾ ਆਪਣੇ ਮਾਹੀ ਲਈ ਭੱਤਾ ਲੈ ਕੇ ਜਾਣਾ ਤਾਂ ਹੁਣ ਇਕ ਕਹਾਣੀ ਬਣ ਕੇ ਹੀ ਰਹਿ ਗਿਆ ਹੈ। ਅਜੋਕੀ ਪੀੜ੍ਹੀ ਨੂੰ ਤਾਂ ਸ਼ਾਇਦ 'ਭੱਤਾ' ਸ਼ਬਦ ਦਾ ਅਰਥ ਵੀ ਪਤਾ ਨਹੀਂ ਹੋਣਾ। ਪੰਜਾਬਣ ਦਾ ਦੁੱਧ ਰਿੜਕਣਾ, ਸਰੋਂ ਦਾ ਸਾਗ ਤੋੜਨਾ, ਕਪਾਹ ਚੁਗਣਾ, ਪਾਥੀਆਂ ਪੱਥਣਾਂ, ਗੁਹਾਰੇ ਲਾਉਣਾ, ਘਰ ਦੇ ਕੱਚੇ ਫਰਸ਼ ਨੂੰ ਤਲੀ ਫੇਰਨਾ, ਚੁੱਲ੍ਹਿਆਂ ਨੂੰ ਪਾਂਡੂ ਫੇਰਨਾ, ਮਾਹੀ ਦੀ ਯਾਦ ਵਿਚ ਕਸੀਦਾ ਕੱਢਣਾ, ਪੱਖੀ ਬੁਣਨਾ, ਕਾਵਾਂ ਨੂੰ ਚੂਰੀਆਂ ਪਾਉਣਾ ਤਾਂ ਹੁਣ ਇੱਕ ਯਾਦ ਬਣਕੇ ਹੀ ਰਹਿ ਜਾਵੇਗਾ। ਪੰਜਾਬਣ ਮੁਟਿਆਰ ਦੇ ਲੁਧਿਆਣੇ ਨੱਚਣ ਦੀ ਧਮਕ ਨੇ ਹੁਣ ਜਲੰਧਰ ਤਾਂ ਕੀ ਪਹੁੰਚਣਾ ਹੈ ਬਲਕਿ ਉਹ ਪਿੰਡ ਦੇ ਦੂਜੇ ਪਾਸੇ ਵੀ ਨਹੀਂ ਪਹੁੰਚਦੀ।

ਤੀਆਂ, ਤ੍ਰਿੰਝਣ ਤਾਂ ਹੁਣ ਸਕੂਲਾਂ, ਕਾਲਜਾਂ ਵਿਚ ਇਕ ਰਸਮ ਮਨਾਉਣ ਜੋਗੇ ਹੀ ਰਹਿ ਗਏ ਹਨ। ਅੱਜ ਦੀ ਪੰਜਾਬਣ ਆਪਣੇ ਮਾਹੀ ਦੀ ਉਡੀਕ ਕਾਂ ਨੂੰ ਚੂਰੀ ਪਾ ਕੇ ਨਹੀਂ ਕਰਦੀ ਬਲਕਿ ਆਪਣੇ ਮੋਬਾਇਲ ਫੋਨ ਤੇ ਮੈਸੇਜ ਭੇਜ ਕੇ ਜਾਂ ਈ-ਮੇਲ

ਕਰਕੇ ਝੱਟ ਪਤਾ ਕਰ ਲੈਂਦੀ ਹੈ, ਜਾਂ ਉਹ ਆਪਣੇ ਮਾਹੀ ਨਾਲ ਫੇਸ-ਬੁੱਕ ਉੱਪਰ ਜਦੋਂ ਚਾਹੇ 'ਚੈਟ' ਕਰ ਲੈਂਦੀ ਹੈ। ਪੰਜਾਬਣ ਅੱਜ ਘੱਗਰੇ, ਫੁਲਕਾਰੀ, ਸੂਟ, ਸਲਵਾਰ ਤੋਂ ਛੁਟਕਾਰਾ ਪਾ ਕੇ ਜੀਨ, ਟਾਪ ਪਾਉਣ ਨੂੰ ਤਰਜ਼ੀਹ ਦੇਣ ਲੱਗ ਪਈ ਹੈ। ਕਦੇ ਪੰਜਾਬਣ ਦੇ ਸੁਹੱਪਣ ਦਾ ਸ਼ਿੰਗਾਰ ਉਸ ਦੀ ਲੰਮੀ ਗਿੱਟਿਆਂ ਨੂੰ ਛੂੰਹਦੀ ਗੁੱਤ ਹੁੰਦੀ ਸੀ ਅਤੇ ਸਿਰ ਉੱਪਰ ਚੁੰਨੀ ਉਸਦੀ ਸ਼ਰਮ-ਹਯਾ ਹੁੰਦੀ ਸੀ। ਪਿੰਡਾਂ ਦੀਆਂ ਨੂੰਹਾਂ ਬਜ਼ੁਰਗਾਂ ਅਤੇ ਆਪਣੇ ਪਤੀ ਤੋਂ ਵਡੇਰੀ ਉਮਰ ਦੇ ਵਿਅਕਤੀਆਂ ਤੋਂ ਘੁੰਡ ਕੱਢ ਕੇ ਰੱਖਦੀਆਂ ਸਨ ਪਰ ਅਜੋਕੀ ਪੰਜਾਬਣ ਨੇ ਤਾਂ ਚੁੰਨੀ ਦਾ ਜੱਭ ਹੀ ਨਿਬੇੜ ਦਿੱਤਾ ਹੈ ਅਤੇ ਉਹ ਆਪਣੇ ਵਾਲਾਂ ਨੂੰ 'ਬਾਬੀ ਕੱਟ' ਕਰਵਾ ਲੈਂਦੀਆਂ ਹਨ। ਧਰਤੀ ਨੂੰ ਕਲੀ ਕਰਾ ਕੇ ਸਾਰੀ ਰਾਤ ਨੱਚਣ ਵਾਲੀ ਮੁਟਿਆਰ ਹੁਣ ਸੰਗਮਰਮਰ ਵਾਲੇ ਨਾਈਟ ਕਲੱਬਾਂ ਵਿਚ ਜਾਕੇ ਡਿਸਕੋ ਡਾਂਸ ਕਰਨ ਲੱਗ ਪਈ ਹੈ। ਅਜੋਕੀ ਪੰਜਾਬਣ ਤਾਂ ਹੁਣ 'ਪੈਗ' ਲਾਉਣ ਦੀ ਵੀ ਸ਼ੌਕੀਨ ਹੋ ਗਈ ਹੈ।

ਓਮ ਪ੍ਰਕਾਸ਼ ਗਾਸੋ ਪੰਜਾਬੀ ਸਭਿਆਚਾਰ ਬਾਰੇ ਗੱਲ ਕਰਦਿਆਂ ਕਹਿੰਦਾ ਹੈ ਕਿ, "ਸਭਿਆਚਾਰ, ਮਨੁੱਖੀ ਅਮਲ ਦੀ ਮਿਠਾਸ ਵਾਂਗ ਹੀ ਹੁੰਦਾ ਹੈ। ਪੰਜਾਬ ਦਾ ਖੀਵਾ, ਮਸਤ-ਮਲੰਗ ਆਪਾ, ਜਦੋਂ ਕਦੇ ਮਾਂ ਦੀ ਮਮਤਾ ਦਾ ਰੂਪ ਧਾਰ ਕੇ ਦੁੱਧ, ਪੁੱਤ ਦੀ ਸਹੁੰ ਖਾਂਦਾ ਹੈ ਤਾਂ ਸਮਝੋ ਇਸ ਵਿਚ ਗੰਗਾ ਦੇ ਪਾਣੀ ਵਰਗੀ ਪਵਿੱਤਰਤਾ, ਸੂਰਜ ਦੀਆਂ ਕਿਰਨਾਂ ਵਰਗਾ ਚਾਨਣ, ਪੁੰਨਿਆਂ ਦੇ ਚੰਨ ਵਰਗੀ ਸ਼ੀਤਲਤਾ, ਹਿਮਾਲਾ ਦੀਆਂ ਬਰਫਾਂ ਵਰਗੀ ਸ਼ੁੱਧਤਾ ਹੁੰਦੀ ਹੈ।"[7] ਪਿੰਡਾਂ ਵਿਚ ਹੁਣ ਮਨੁੱਖੀ ਮਿਠਾਸ ਅਤੇ ਭਾਈਚਾਰਾ ਖਤਮ ਹੋ ਰਿਹਾ ਹੈ, ਦੁਖ-ਸੁਖ ਦੀ ਸਾਂਝ ਘਟ ਰਹੀ ਹੈ। ਜਿਹੜੀਆਂ ਸੱਥਾਂ ਪਿੰਡ ਦੀ ਭਾਈਚਾਰਕ ਏਕਤਾ ਦਾ ਕੇਂਦਰ ਹੁੰਦੀਆਂ ਸਨ ਜਿਥੇ ਬੈਠ ਕੇ ਲੋਕ ਆਪਣੇ ਮਨ ਦੇ ਬੋਝ ਨੂੰ ਹਲਕਾ ਕਰਿਆ ਕਰਦੇ ਸਨ, ਉਨ੍ਹਾਂ ਸੱਥਾਂ ਦਾ ਖੇਤਰਫਲ ਹੁਣ ਸੁੰਗੜ ਗਿਆ ਹੈ। ਹੁਣ ਸੱਥਾਂ ਵੀ ਪਿੰਡ ਦੀ ਧੜੇਬੰਦੀ ਦਾ ਸ਼ਿਕਾਰ ਹੋ ਗਈਆਂ ਹਨ। ਜਿਨ੍ਹਾਂ ਸੱਥਾਂ ਵਿਚ ਬੈਠ ਕੇ ਪਿੰਡ ਦੇ ਬਜੁਰਗ ਅਪਣੇ ਦੱਖਾਂ-ਸੁੱਖਾਂ ਦਾ ਪ੍ਰਗਟਾਵਾ ਕਰਦੇ ਸਨ, ਨੌਜਵਾਨ ਆਪਣੀ ਜਵਾਨੀ ਦੇ ਜੋਸ਼ ਦਾ ਪ੍ਰਗਟਾਵਾ ਕਰਦੇ ਸਨ, ਅੱਜ ਉਹਨਾਂ ਸੱਥਾਂ ਨੂੰ ਵੀ ਪਿੰਡਾਂ ਦੀ ਸੌੜੀ ਰਾਜਨੀਤੀ ਨੇ ਨਿਗਲ ਲਿਆ ਹੈ।

ਜਿਹੜੇ ਲਾਗੀ ਹਰ ਪਿੰਡ ਵਾਸੀ ਦੀ ਸਲਾਮਤੀ ਦੀ ਖੈਰ ਮੰਗਦੇ ਸਨ, ਹੁਣ ਉਹ ਲਾਗੀ ਵੀ ਸਿਰਫ 'ਆਪਣੀ ਪਾਰਟੀ' ਦੇ ਘਰਾਂ ਦੀ ਸਲਾਮਤੀ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ। ਗੁਰੂ ਘਰਾਂ ਵਿਚ ਵੀ ਧੜੇਬੰਦੀ ਆਮ ਗੱਲ ਹੋ ਗਈ ਹੈ।

ਕੋਈ ਵੇਲਾ ਸੀ, ਜਦੋਂ ਪਿੰਡ ਦੀ ਹਰ ਧੀ, ਪਿੰਡ ਦੇ ਹਰ ਆਦਮੀ ਦੀ ਧੀ-ਭੈਣ ਹੁੰਦੀ ਸੀ, ਜੇਕਰ ਕਿਸੇ ਗੈਰ ਨੇ ਪਿੰਡ ਦੀ ਧੀ-ਧਿਆਣੀ ਉੱਪਰ ਮਾੜੀ ਨਿਗਾਹ ਰੱਖਣੀ ਤਾਂ ਪਤਾ ਲੱਗਣ ਤੇ ਸਾਰੇ ਪਿੰਡ ਦੇ ਨੌਜਵਾਨਾਂ ਦਾ ਖ਼ੂਨ ਖੌਲਣ ਲੱਗ ਪੈਣਾ ਅਤੇ ਫਿਰ ਇਕ ਪਾਸਾ ਹੀ ਹੁੰਦਾ ਸੀ ਪਰ ਅੱਜ ਦਾ ਨੌਜਵਾਨ ਆਪਣੇ ਪਿੰਡ ਦੀ ਧੀ-ਧਿਆਣੀ ਉੱਪਰ ਹੀ ਮਾੜੀ ਨਜ਼ਰ ਰੱਖਣ ਲੱਗ ਪਿਆ ਹੈ।

ਕਹਿਣ ਨੂੰ ਤਾਂ ਭਾਵੇਂ ਅਸੀਂ ਬਹੁਤ ਤਰੱਕੀ ਕਰ ਲਈ ਹੈ। ਖੇਤੀਬਾੜੀ ਦੀ ਉਪਜ ਵਿਚ ਵੀ ਢੇਰ ਸਾਰ ਵਾਧਾ ਹੋਇਆ ਹੈ। ਸਿੱਖਿਆ ਵੀ ਹਰ ਵਿਅਕਤੀ ਨੇ ਪ੍ਰਾਪਤ ਕਰ ਲਈ ਹੈ। ਵੱਡੀਆਂ-ਵੱਡੀਆਂ ਕੋਠੀਆਂ, ਕਾਰਾਂ ਹਰ ਪਿੰਡ ਦੀ ਸ਼ਾਨ ਵਿਚ ਵਾਧਾ ਕਰ ਰਹੀਆਂ ਹਨ। ਪ੍ਰਤੀ ਵਿਅਕਤੀ ਆਮਦਨ ਵਿਚ ਵੀ ਬਹੁਤ ਵਾਧਾ ਹੋ ਗਿਆ ਹੈ। ਘਰ-ਘਰ ਟੈਲੀਵੀਜਨ, ਕੰਪਿਊਟਰ, ਮੋਬਾਇਲ ਫੋਨ ਪਹੁੰਚ ਚੁੱਕੇ ਹਨ ਅਤੇ ਹਰ ਪਿੰਡ ਦੁਨੀਆਂ ਦੇ ਹਰ ਕੋਨੇ ਨਾਲ ਜੁੜ ਚੁੱਕਿਆ ਹੈ, ਪਰ ਕੀ ਇਸ ਚਕਾਚੌਂਧ ਵਿਚ ਸਾਨੂੰ ਆਪਣੇ ਬਜ਼ੁਰਗਾਂ ਵੱਲੋਂ ਪੜ੍ਹਾਇਆ ਨੈਤਿਕ-ਸਿੱਖਿਆ ਦਾ ਪਾਠ ਬਿਲਕੁਲ ਹੀ ਵਿਸਾਰ ਦੇਣਾ ਠੀਕ ਹੈ?

ਕੀ ਸਾਡੀ ਤਰੱਕੀ ਸਾਡਾ ਨੈਤਿਕਤਾ ਨਾਲੋਂ ਟੁੱਟਣਾ ਹੈ? ਪੜ੍ਹ ਲਿਖ ਕੇ ਤਰੱਕੀ ਕਰਨਾ, ਦੂਸਰੇ ਦੇਸਾਂ ਦੇ ਸਭਿਆਚਾਰ ਨੂੰ ਜਾਣ ਲੈਣਾ ਇਕ ਅੱਛੀ ਗੱਲ ਹੈ ਪਰ ਕੀ ਆਪਣੇ ਵਿਰਸੇ ਨੂੰ ਨਾ ਭੁੱਲਣਾ ਕੋਈ ਪਿਛਾਂਹ ਖਿੱਚੂ ਸੋਚ ਹੈ? ਸੰਸਾਰ ਵਿਚ ਜੇਕਰ ਭਾਰਤ ਦੀ ਪਹਿਚਾਣ ਹੈ ਤਾਂ ਇਸ ਦੀ ਸਭਿਆਚਾਰਕ ਸੰਸਕ੍ਰਿਤੀ ਕਰਕੇ ਹੀ ਹੈ, ਪਰ ਕੀ ਅਸੀਂ ਮਾਰਡਨ ਬਣਕੇ ਭਾਰਤੀ ਸੰਸਕ੍ਰਿਤੀ ਦੀ ਮਹਾਨਤਾ ਦਾ ਦੁਨੀਆਂ ਵਿਚ ਪ੍ਰਚਾਰ ਕਰਨ ਦੇ ਯੋਗ ਰਹਿ ਗਏ ਹਾਂ? ਜ਼ਰਾ ਸੋਚੋ।

ਸਮੇਂ ਦੀ ਤੋਰ ਨਾਲ ਵਿਕਾਸ ਕਰਦੇ ਹੋਏ ਸਾਨੂੰ ਆਪਣੇ ਨਿੱਗਰ ਵਿਰਸੇ ਨਾਲ ਜੁੜੇ ਰਹਿਣਾ ਚਾਹੀਦਾ ਹੈ ਤਾਂ ਜੋ ਸਾਡੇ ਸਮਾਜ ਵਿਚ ਭੈੜੀਆਂ ਬਾਦੀਆਂ ਦਾ ਪ੍ਰਵੇਸ਼ ਨਾ ਹੋ ਸਕੇ ਅਤੇ ਅਸੀਂ ਪੰਜਾਬੀ ਆਪਣੇ ਪੰਜਾਬ ਦਾ ਨਾਂ ਕੁੱਲ ਦੁਨੀਆਂ ਵਿਚ ਰੁਸ਼ਨਾ ਸਕੀਏ।

**ਹਵਾਲੇ ਅਤੇ ਟਿੱਪਣੀਆਂ**


1. ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, 'ਨੈਤਿਕ ਸਿੱਖਿਆ', ਪੰਨਾ - 11
2. ਡਾ. ਬਲਬੀਰ ਸਿੰਘ ਪੂਨੀ, 'ਪੰਜਾਬੀ ਲੋਕਧਾਰਾ ਅਤੇ ਸਭਿਆਚਾਰ', ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, ਪੰਨਾ 63
3. ਹਰਕੇਸ਼ ਸਿੰਘ ਕਹਿਲ, 'ਲੋਕਗੀਤਾਂ ਵਿਚ ਪੰਜਾਬੀ ਜੀਵਨ', ਸੰਗਮ ਪਬਲੀਕੇਸ਼ਨਜ਼, ਸਮਾਣਾ, ਪੰਨਾ 13
4. ਡਾ. ਗੁਰਦੀਪ ਕੁਮਾਰ ਸ਼ਰਮਾ, 'ਪੰਜਾਬੀ ਸਭਿਆਚਾਰ ਦੇ ਬਦਲਦੇ ਪਰਿਪੇਖ', ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 159
5. ਡਾ. ਜੀਤ ਸਿੰਘ ਜੋਸ਼ੀ, 'ਪੰਜਾਬੀ ਸਭਿਆਚਾਰ ਬਾਰੇ', ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ, ਪੰਨਾ 62
6. ਗਿਆਨੀ ਗੁਰਦਿੱਤ ਸਿੰਘ, 'ਪੰਜਾਬੀ ਸਭਿਆਚਾਰ ਬਾਰੇ', ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, ਪੰਨਾ 46
7. ਓਮ ਪ੍ਰਕਾਸ਼ ਗਾਸੋ, 'ਪੰਜਾਬੀ ਸਭਿਆਚਾਰ', ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 62

# ਚਰਨ ਸਿੰਘ ਸਫ਼ਰੀ ਦੀ ਸਿੱਖ ਸਾਹਿਤ ਜਗਤ ਨੂੰ ਅਦੁੱਤੀ ਦੇਣ

**ਕੁਲਵਿੰਦਰ ਕੌਰ**

ਅਸਿਸਟੈਂਟ ਪ੍ਰੋਫੈਸਰ,
ਸਰਕਾਰੀ ਕਾਲਜ, ਟਾਂਡਾਂ।

***ਐਬਸਟ੍ਰੈਕਟ***

*ਗੀਤਾਂ ਦਾ ਬਾਦਸ਼ਾਹ, ਦਰਵੇਸ਼ ਜਿੰਦਾ ਦਿਲ ਸ਼ਾਇਰ ਚਰਨ ਸਿੰਘ ਸਫ਼ਰੀ ਪੰਜਾਬੀ ਸਿੱਖ ਜਗਤ ਵਿੱਚ ਕਿਸੇ ਜਾਣ-ਪਛਾਦ ਦਾ ਮੁਥਾਜ ਨਹੀਂ ਹੈ। ਚਰਨ ਸਿੰਘ ਸਫ਼ਰੀ ਸਿੱਖ ਧਰਮ ਨਾਲ ਸੰਬੰਧਤ ਇਤਿਹਾਸ ਨੂੰ ਆਪਣੀ ਵਿਵੇਕ ਬੁੱਧੀ ਅਤੇ ਤੀਖਣ ਸੂਝ ਨਾਲ ਆਪਣੀਆਂ ਰਚਨਾਵਾਂ ਵਿੱਚ ਕਲਮਬੱਧ ਕੀਤਾ ਹੈ। ਚਰਨ ਸਿੰਘ ਸਫ਼ਰੀ ਦੇ ਕੋਮਲ ਹਿਰਦੇ ਵਿੱਚ ਸਮਾਏ ਸਿੱਖੀ ਜੀਵਨ ਦੇ ਦਰਦ ਭਰੇ ਅਨੁਭਵ ਕਵਿਤਾਵਾਂ, ਗੀਤਾਂ ਅਤੇ ਗਜਲਾਂ ਵਿੱਚ ਪੇਸ਼ ਹੋਏ ਹਨ। ਜਿਸ ਖੂਬਸੂਰਤੀ ਨਾਲ ਚਰਨ ਸਿੰਘ ਸਫ਼ਰੀ ਨੇ ਖਾਲਸਾ ਪੰਥ ਦੀ ਚੜਦੀ ਕਲਾ ਦੀ ਫਿਲਾਸਫੀ ਨੂੰ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਵਿਚ ਸਿੱਖੀ ਸਿਦਕ ਨਿਭਾਉਂਦੇ ਅਣਖੀ ਸ਼ਹੀਦਾਂ ਦੀਆਂ ਦਰਦਨਾਕ ਸਾਖੀਆਂ ਰਾਹੀਂ ਪੇਸ਼ ਕੀਤਾ ਹੈ, ਅਜਿਹਾ ਹੋਰ ਕੋਈ ਕਵੀ ਨਹੀਂ ਕਰ ਸਕਿਆ।*

ਗੀਤਾਂ ਦਾ ਬਾਦਸ਼ਾਹ, ਦਰਵੇਸ਼ ਜਿੰਦਾ ਦਿਲ ਸ਼ਾਇਰ ਚਰਨ ਸਿੰਘ ਸਫ਼ਰੀ ਪੰਜਾਬੀ ਸਿੱਖ ਜਗਤ ਵਿੱਚ ਕਿਸੇ ਜਾਣ-ਪਛਾਦ ਦਾ ਮੁਥਾਜ ਨਹੀਂ ਹੈ। ਚਰਨ ਸਿੰਘ ਸਫ਼ਰੀ ਸਿੱਖ ਧਰਮ ਨਾਲ ਸੰਬੰਧਤ ਇਤਿਹਾਸ ਨੂੰ ਆਪਣੀ ਵਿਵੇਕ ਬੁੱਧੀ ਅਤੇ ਤੀਖਣ ਸੂਝ ਨਾਲ ਆਪਣੀਆਂ ਰਚਨਾਵਾਂ ਵਿੱਚ ਕਲਮਬੱਧ ਕੀਤਾ ਹੈ।

ਚਰਨ ਸਿੰਘ ਸਫ਼ਰੀ ਦੇ ਕੋਮਲ ਹਿਰਦੇ ਵਿੱਚ ਸਮਾਏ ਸਿੱਖੀ ਜੀਵਨ ਦੇ ਦਰਦ ਭਰੇ ਅਨੁਭਵ ਕਵਿਤਾਵਾਂ, ਗੀਤਾਂ ਅਤੇ ਗਜਲਾਂ ਵਿੱਚ ਪੇਸ਼ ਹੋਏ ਹਨ। ਜਿਸ ਖੂਬਸੂਰਤੀ ਨਾਲ ਚਰਨ ਸਿੰਘ ਸਫ਼ਰੀ ਨੇ ਖਾਲਸਾ ਪੰਥ ਦੀ ਚੜਦੀ ਕਲਾ ਦੀ ਫਿਲਾਸਫੀ ਨੂੰ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਵਿਚ ਸਿੱਖੀ ਸਿਦਕ ਨਿਭਾਉਂਦੇ ਅਣਖੀ ਸ਼ਹੀਦਾਂ ਦੀਆਂ ਦਰਦਨਾਕ ਸਾਖੀਆਂ ਰਾਹੀਂ ਪੇਸ਼ ਕੀਤਾ ਹੈ, ਅਜਿਹਾ ਹੋਰ ਕੋਈ ਕਵੀ ਨਹੀਂ ਕਰ ਸਕਿਆ।

ਸਫ਼ਰੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੇ ਉਪਕਾਰਾਂ, ਕਲਜੁਗਾਂ ਦੇ ਪ੍ਰਭਾਵ ਹੇਠ ਸੜਦੇ ਜਗਤ ਨੂੰ ਅਕਾਲ ਪੁਰਖ ਦੀ ਉਪਾਸਨਾ ਦਾ ਸੰਦੇਸ਼ ਦੇਣ, ਨਾਮ ਜਪਣ, ਵੰਡ ਛਕਣ, ਹੱਕ ਹਲਾਲ ਦੀ ਕਿਰਤ ਅਤੇ ਲੋਕ ਸੇਵਾ ਦੇ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ, ਮਾਨਵ ਧਰਮ ਦੀ ਸੁਰੱਖਿਆ ਲਈ ਰੱਬੀ ਰਜਾ ਦੀ ਮੂਰਤ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਤਿਲਕ ਜੰਜੂ, ਚੋਟੀ ਦੇ ਰਾਖੇ; 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦੁਰ ਜੀ ਦੀ ਅਲੌਕਿਕ ਤੇ ਅਦੁੱਤੀ ਸ਼ਹੀਦੀ, ਅਮ੍ਰਿਤ ਦੇ ਦਾਤੇ ਖਾਲਸਾ ਪੰਥ ਦੇ ਸਿਰਜਣਹਾਰੇ, ਰਹਿਮਤਾਂ ਤੇ ਬਖਸ਼ਿਸ਼ਾਂ, ਸਾਹਿਬਜਾਦਿਆਂ ਦੀਆਂ ਬੇਮਿਸਾਲ ਸ਼ਹੀਦੀਆਂ, ਦੀਵਾਰਾਂ ਵਿੱਚ ਚਿਣੇ ਜਾਣ ਦੇ ਸਰਹੰਦੀ ਸਾਕੇ, ਮਾਤਾ ਗੁਜਰੀ ਦੇ ਖਿੜੇ ਮੱਥੇ ਅਸਹਿ ਤੇ ਅਕਹਿ ਕਸ਼ਟ ਸਹਾਰਨ ਦੀ ਪ੍ਰਬਲ ਸ਼ਕਤੀ ਬਾਰੇ, ਆਰਿਆਂ ਨਾਲ ਚੀਰੇ ਜਾਣ, ਬੰਦ ਬੰਦ ਕਟਵਾਉਣ, ਖੋਪਰੀਆਂ ਲਹਾਉਣ, ਉਬਲਦੀਆਂ ਦੇਗਾਂ ਵਿੱਚ ਉਬਲਦੇ ਸਿਖੀ ਸਿਦਕ ਨਿਭਾਉਂਦੇ ਸੂਰਬੀਰਾਂ ਬਾਰੇ, ਆਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾ ਕੇ ਝੋਲੀਆਂ ਵਿੱਚ ਪੁਆਉਣ ਵਾਲੀਆਂ ਬਹਾਦਰ ਸਿੰਘਣੀਆਂ ਦੇ ਸਿਦਕ ਬਾਰੇ ਅਤੇ ਅਨੇਕਾਂ ਤੀਰਾਂ ਤੇ ਗੋਲੀਆਂ ਨੂੰ ਆਪਣੇ ਸੀਨੇ ਵਿੱਚ ਮੜ੍ਹਾਉਣ ਵਾਲੇ, ਗੱਡੀਆਂ ਦਿਆਂ ਇੰਜਣਾਂ ਨੂੰ ਆਪਣੀਆਂ ਫੌਲਾਦੀ ਛਾਤੀਆਂ ਉਤੇ ਰੋਕਣ ਵਾਲੇ ਅਨੇਕਾਂ ਸਿੰਘਾਂ, ਸੂਰਮਿਆਂ ਦੀਆਂ ਮਹਾਨ ਕੁਰਬਾਨੀਆਂ ਦੀਆਂ ਅਣਖੀਲੀਆਂ ਝਾਕੀਆਂ ਨੂੰ ਜਿਸ ਜਜਬੇ, ਸਿਦਕ, ਸ਼ਰਧਾ, ਤੇ

ਦ੍ਰਿੜਤਾ ਨਾਲ ਸਫ਼ਰੀ ਨੇ ਆਪਣੀਆਂ ਰਚਨਾਵਾਂ ਰਾਹੀਂ ਸਾਕਾਰ ਕੀਤਾ ਹੈ। ਸਫ਼ਰੀ ਸਿੱਖ ਇਤਿਹਾਸ ਦਾ ਮਹਾਨ ਪ੍ਰਚਾਰਕ ਤੇ ਸਟੇਜ ਦਾ ਧਨੀ ਕਵਿ ਹੈ:

**'' ਕਾਵਿ ਗੁਣਾਂ ਨਾਲ ਭਰਪੂਰ, ਉਚੇ ਤਖਈਅਲ ਦਾ ਮਾਲਕ**
**ਸਟੇਜ ਦਾ ਧਨੀ, 'ਗੀਤਾਂ ਦਾ ਬਾਦਸ਼ਾਹ' ਗੁਰਮਤ ਦਾ**
**ਮਹਾਨ ਪ੍ਰਚਾਰਕ ਇੱਕ ਬੜੀ ਹੀ ਸਿੱਧ ਪੱਧਰੀ ਅਤੇ ਉਚੇਚ**
**ਰਹਿਤ ਜ਼ਿੰਦਗੀ ਜੀਅ ਰਿਹਾ ਹੈ।''**[1]

ਸਫ਼ਰੀ ਦੀ ਮੌਲਿਕ ਕਾਵਿ ਸ਼ੈਲੀ ਤੇ ਵਿਸ਼ੇ ਦੇ ਪ੍ਰਗਟਾਅ ਨਿਭਾਉਣ ਲਈ ਸਮੂਹ ਸਿੱਖ ਜਗਤ ਉਨ੍ਹਾਂ ਦੀ ਕਲਮ ਦਾ ਸਦਾ ਸਤਿਕਾਰ ਕਰਦਾ ਆਇਆ ਹੈ। ਚਰਨ ਸਿੰਘ ਸਫ਼ਰੀ ਦਾ ਜਨਮ 8 ਮਈ 1918 ਨੂੰ ਪਿੰਡ ਬੋਦਲਾਂ (ਗਰਨਾ ਸਾਹਿਬ) ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿਤਾ ਸ. ਲਾਭ ਸਿੰਘ ਦੇ ਘਰ ਹੋਇਆ। ਬਚਪਨ ਵਿੱਚ ਉਹਨਾਂ ਨੇ ਸਿੱਖ ਧਰਮ ਨਾਲ ਸਬੰਧਤ ਸਾਖੀਆਂ ਸੁਣੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿਤਾ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਤੇ ਸਾਹਿਬਜਾਦਿਆਂ ਨਾਲ ਸਬੰਧਤ ਸਾਖੀਆਂ ਨੇ ਸਫ਼ਰੀ ਦਾ ਦਿਲ ਧੁਰ ਅੰਦਰ ਤੱਕ ਵਲੂੰਧਰ ਦਿੱਤਾ। ਜਿਸ ਤੋਂ ਪ੍ਰੇਰਿਤ ਹੋ ਕੇ ਉਸ ਨੇ ਸਿੱਖ ਇਤਿਹਾਸ ਨੂੰ ਬਰੀਕੀ ਨਾਲ ਪੜ੍ਹਨਾ ਸ਼ੁਰੂ ਕੀਤਾ ਤੇ ਇਹੀ ਅਧਿਐਨ ਬਾਅਦ ਵਿੱਚ ਸਫ਼ਰੀ ਦੇ ਗੀਤਾਂ ਰਾਹੀਂ ਪ੍ਰਗਟ ਹੋਇਆ। ਅਲਮਸਤ ਸ਼ਾਇਰ ਵਰਗੀ ਫਕੀਰਾਨਾ ਤਬੀਅਤ ਰੱਖਣ ਵਾਲੇ ਸ਼ਾਇਰ ਚਰਨ ਸਿੰਘ ਸਫ਼ਰੀ ਨੇ ਬਹੁਤ ਸਾਰੇ ਪੁੰਗਰ ਰਹੇ ਨਵੇਂ ਸ਼ਾਇਰਾਂ ਨੂੰ ਪ੍ਰਭਾਵਿਤ ਕੀਤਾ। ਸਫ਼ਰੀ ਦੀ ਮੁਲਾਕਾਤ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਵਿੱਚ ਕਲਰਕ ਦੀ ਨੌਕਰੀ ਕਰਦਿਆਂ ਪੰਜਾਬੀ ਦੇ ਪ੍ਰਸਿੱਧ ਕਵੀ ਗਿਆਨੀ ਬਲਦੇਵ ਚੰਦਰ ਬੇਕਲ ਨਾਲ ਹੋਈ, ਜਿਨ੍ਹਾਂ ਦੀ ਸੰਗ ਵਿੱਚ ਉਹਨਾਂ ਨੇ ਧਾਰਮਿਕ ਗੀਤ ਲਿਖਣ ਵਿੱਚ ਪ੍ਰਪਕਤਾ ਲਿਆਂਦੀ। ਸਫ਼ਰੀ ਨੇ ਫੌਜ ਦੀ ਨੌਕਰੀ ਤੋਂ ਰਿਟਾਇਰ ਹੋ ਕੇ ਅਧਿਆਪਨ ਦੀ ਨੌਕਰੀ ਵੀ ਕੀਤੀ।

ਸਫ਼ਰੀ ਦੇ ਲਿਖੇ ਧਾਰਮਿਕ ਗੀਤ ਪੰਜਾਬ ਦੇ ਪ੍ਰਸਿੱਧ ਗਾਇਕ ਤੇ ਗਾਇਕਾਵਾਂ ਨਰਿੰਦਰ ਬੀਬਾ, ਪ੍ਰੋਫੈਸਰ ਸਰੂਪ ਸਿੰਘ, ਊਸ਼ਾ ਰਾਣੀ, ਸਰਵਜੀਤ ਕੌਰ, ,ਕਰਤਾਰ ਅਰੋੜਾ, ਆਸਾ ਸਿੰਘ ਮਸਤਾਨਾ, ਸੁਰਿੰਦਰ ਕੌਰ, ਕਿਰਪਾਲ ਸਿੰਘ ਪਾਲ ਫਿਲੌਰ, ਸੁਰਿੰਦਰ ਰਮਤਾ, ਦੇਬੀ ਮਕਸੂਸਪੁਰੀ, ਹੰਸ ਰਾਜ ਹੰਸ, ਕਾਜਲ ਧੂਤਾਂ ਵਾਲਾ, ਜਗਮੋਹਨ ਕੌਰ, ਸੁਰਜੀਤ ਕੌਰਾ ਬੀਬੀ ਸੁਮਨ ਆਪਣੀ ਆਵਾਜ਼ ਵਿਚ ਰਿਕਾਰਡ ਕਰਵਾ ਚੁੱਕੇ ਹਨ। ਜਿਵੇਂ ਪ੍ਰਫੈਸਰ ਸਰੂਪ ਸਿੰਘ ਦੀ ਆਵਾਜ਼ ਵਿਚ ਗਾਏ ਸਫ਼ਰੀ ਦੇ ਧਾਰਮਿਕ ਗੀਤ 'ਮੈਂ ਮਤੀ ਦਾਸ ਹਾਂ' ਵਿੱਚ:-

**''ਧਰ ਦਿਉ ਧਰ ਦਿਉ ਮੇਰੇ ਸੀਸ 'ਤੇ**
**ਧਰ ਦਿਉ ਖੂਨੀ ਆਰਾ ਮੈਂ ਮਤੀ ਦਾਸ ਹਾਂ**
**ਇਸ ਆਰੇ ਦੇ ਦੰਦੇ ਭੁਲੇਰੇ**
**ਲਗਦਾ ਬੜਾ ਪਿਆਰਾ, ਮੈਂ ਮਤੀ ਦਾਸ ਹਾਂ।''**[2]

ਸਫ਼ਰੀ ਜੀ ਦੇ ਧਾਰਮਿਕ ਗੀਤਾਂ ਵਿੱਚ ਧਰਮ ਦੀ ਖਾਤਰ ਆਪਣੀ ਜਾਨ ਨੂੰ ਬਹਾਦਰੀ ਨਾਲ ਕੁਰਬਾਨ ਕਰਨ ਦੇ ਹੌਸਲੇ ਦੀਆਂ ਮਿਸਾਲਾਂ ਇਕ ਤੋਂ ਵੱਧ ਇੱਕ ਹਨ।

ਸਫ਼ਰੀ ਦੇ ਸਟੇਜੀ ਸਮਕਾਲੀ ਕਵੀਆਂ ਵਿਚੋਂ 'ਕਾਸਦ' ਨਿਰਵੈਰ, ਐਸ.ਐਸ.ਗਰੀਬ, ਬੇਧੜਕ ਗੁਰਚਰਨ, ਸਮਾਨਾ, ਪੂਰਨ ਸਿੰਘ ਜੋਸ਼, ਪਰਵਾਨਾ ਬਲ ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਨ੍ਹਾਂ ਕਵੀਆਂ ਤੋਂ ਇਲਾਵਾ ਨਰਿੰਦਰ ਬੀਬਾ ਨੇ ਆਪਣੀ ਆਵਾਜ਼ ਵਿਚ ਸਫ਼ਰੀ ਦੇ ਬਹੁਤ ਸਾਰੇ ਗੀਤ ਰਿਕਾਰਡ ਕਰਵਾਏ ਜਿਹਨਾਂ ਵਿਚ ਇਕ ਗੀਤ ਇਹ ਵੀ ਹੈ:-

**''ਦਿਲੀ ਦੇ ਵਿੱਚ ਪਿਤਾ ਘੁਮਾਇਆ,**
**ਰੁੜ੍ਹਦਾ ਹੋਇਆ ਧਰਮ ਬਚਾਇਆ,**
**ਦੋ ਪੁੱਤਰ ਉਨ੍ਹੇ ਜੰਗ 'ਚ ਵਾਰੇ,**

**ਦੋਹਾਂ ਨੂੰ ਨੀਹਾਂ ਵਿੱਚ ਚਿਣਾਇਆ**
**ਕੀ ਜਾਣੇ ਕੋਈ ਕਿਤਨਾ ਖੂਨ ਬੁਹਾਇਆ**
**ਕਲਗੀ ਵਾਲੇ ਨੇ।''**[3]

ਸਫ਼ਰੀ ਦੀਆਂ ਛੱਪ ਚੁੱਕੀਆਂ ਪੁਸਤਕਾਂ ਅੰਮ੍ਰਿਤ ਭਿੱਜੇ ਬੋਲ, ਸਿੱਖੀ ਦੀਆਂ ਵਾਟਾਂ, ਮਾਤਾ ਗੁਜਰੀ ਦਾ ਲਾਲ, ਗੁਰੂ ਰਵਿਦਾਸ ਮਹਿਮਾ, ਅੰਬਰਾਂ ਦੇ ਵੇ ਤਾਰਿਆ, ਤਕਲੇ ਦੇ ਵਲ ਕੱਢ ਹਨ। ਸਿੱਖੀ ਜੀਵਨ ਸਿੱਖੀ ਮੂਲ ਸਿਧਾਤਾਂ, ਸ਼੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਸਾਹਿਬਾਨਾਂ, ਭਗਤਾਂ ਦੇ ਜੀਵਨ ਬਿਰਤਾਂਤ, ਸਿੱਖ ਇਤਿਹਾਸ ਦਾ ਖੋਜ ਭਰਪੂਰ ਅਧਿਐਨ ਕਰਨਾ ਅਤੇ ਗੁਰੂ ਪੰਥ ਦੀ ਚੜ੍ਹਦੀ ਕਲਾ ਲਈ ਸੇਵਾ ਵਿੱਚ ਜੁਟੇ ਰਹਿਣਾ ਹੀ ਉਨ੍ਹਾਂ ਦੀ ਸ਼ਾਇਰੀ ਦਾ ਕਰਮ, ਧਰਮ ਤੇ ਫਲਸਫਾ ਹੈ। 'ਸਾਕਾ ਸਰਹੰਦ' ਗੀਤ ਰਾਹੀਂ ਸਫ਼ਰੀ ਨੇ ਧਰਮ ਦੀ ਖਾਤਰ ਦਾਦੀ ਦੇ ਚਾਰੇ ਪੋਤਰਿਆਂ ਨੂੰ ਵਾਰਨ ਦਾ ਬਿਰਤਾਂਤ ਪੇਸ਼ ਕੀਤਾ ਹੈ:-

**''ਵੱਡੇ ਮੇਰੇ ਲਾਡਲੇ ਅਜੀਤ ਤੇ ਜੁਝਾਰ ਹੋਏ**
**ਆਪਣੇ ਧਰਮ ਉਤੋਂ ਹੱਸ ਕੇ ਨਿਸਾਰ ਹੋਏ**
**ਨਿੱਕੇ ਮੇਰੇ ਪੋਤਰੇ ਨਿਸ਼ਾਨੀ ਮੇਰੀ ਆਖਰੀ ਸੀ**
**ਹੋਣਾ ਇਹਨਾਂ ਨੇ ਵੀ ਕਲ ਨੂੰ ਪਰਾਏ**
**ਲਗ ਦਾਗ ਨਾ ਧਰਮ ਨੂੰ ਜਾਏ।''**[4]

